# ਬੀ ਸੀ ਵਿੱਚ ਖੇਤ ਮਜ਼ਦੂਰਾਂ ਦਾ ਸ਼ੋਸ਼ਣ ਅਤੇ ਲੁੱਟ ਲਗਾਤਾਰ ਜਾਰੀ


## ਸੁਖਵੰਤ ਹੁੰਦਲ

(sukhwanthundal123@gmail.com)


ਬੀ ਸੀ ਦੇ ਖੇਤ ਮਜ਼ਦੂਰਾਂ ਨੂੰ ਸਖਤ ਕੰਮ ਕਰਨ ਦੇ ਬਾਵਜੂਦ ਵਾਜਬ ਤਨਖਾਹ ਨਹੀਂ ਮਿਲਦੀ, ਉਹਨਾਂ ਨੂੰ ਅਜਿਹੀਆਂ ਹਾਲਤਾਂ ਵਿੱਚ ਕੰਮ ਕਰਨਾ ਪੈਂਦਾ ਹੈ ਜਿਹੜੀਆਂ ਉਹਨਾਂ ਦੀ ਸਿਹਤ ਅਤੇ ਸੁਰੱਖਿਆ ਲਈ ਖਤਰਾ ਪੈਦਾ ਕਰਦੀਆਂ ਹਨ ਅਤੇ ਸਰਕਾਰਾਂ ਦੀਆਂ ਨੀਤੀਆਂ ਨੇ ਇਹਨਾਂ ਨਿਤਾਣੇ ਕਾਮਿਆਂ ਦੀਆਂ ਹਾਲਤਾਂ ਨੂੰ ਸੁਧਾਰਨ ਦੀ ਥਾਂ ਹੋਰ ਬਦਤਰ ਕਰ ਦਿੱਤਾ ਹੈ। ਇਹ ਸਾਰੀਆਂ ਗੱਲਾਂ ਕੈਨੇਡੀਅਨ ਸੈਂਟਰ ਫਾਰ ਪਾਲਸੀ ਅਲਟਰਨੇਟਿਵ ਵਲੋਂ ਬੀ ਸੀ ਦੇ ਖੇਤ ਮਜ਼ਦੂਰਾਂ ਬਾਰੇ ਜੂਨ 2008 ਵਿੱਚ ਜਾਰੀ ਕੀਤੀ *"ਕਲਟੀਵੇਟਿੰਗ ਫਾਰਮਵਰਕਰ ਰਾਈਟਸ: ਐਂਡਿੰਗ ਦੀ ਐਕਸਪਲਾਏਟੇਸ਼ਨ ਆਫ ਇੰਮੀਗਰਾਂਟ ਐਂਡ ਮਾਈਗਰਾਂਟ ਫਾਰਮਵਰਕਰਜ਼ ਇਨ ਬੀ ਸੀ"* * ਨਾਮੀ 80 ਦੇ ਕਰੀਬ ਸਫਿਆਂ ਦੀ ਖੋਜ ਭਰਪੂਰ ਰਿਪੋਰਟ ਵਿੱਚ ਕਹੀਆਂ ਗਈਆਂ ਹਨ।

ਬੇਸ਼ੱਕ ਬੀ ਸੀ ਦੇ ਖੇਤ ਮਜ਼ਦੂਰਾਂ ਵਿੱਚ ਵੱਡੀ ਗਿਣਤੀ ਪੰਜਾਬੀਆਂ ਦੀ ਹੈ ਫਿਰ ਵੀ ਪੰਜਾਬੀ ਭਾਈਚਾਰੇ ਵਿੱਚ ਇਹ ਰਿਪੋਰਟ ਬਹੁਤੀ ਚਰਚਾ ਦਾ ਵਿਸ਼ਾ ਨਹੀਂ ਬਣੀ। ਇਸ ਦੇ ਬਹੁਤ ਸਾਰੇ ਕਾਰਨ ਹੋਣਗੇ। ਸਾਡੇ ਅਨੁਸਾਰ ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਅਜੋਕੇ ਕੈਨੇਡੀਅਨ ਪੰਜਾਬੀ ਭਾਈਚਾਰੇ ਵਿੱਚ ਖੇਤ ਮਜ਼ਦੂਰ ਹਾਸ਼ੀਏ ਉੱਤੇ ਧੱਕੇ ਹੋਏ ਲੋਕ ਹਨ। ਨਤੀਜੇ ਵਜੋਂ ਭਾਈਚਾਰੇ ਵਿੱਚ ਉਹਨਾਂ ਦੀਆਂ ਹਾਲਤਾਂ ਅਤੇ ਫਿਕਰਾਂ ਬਾਰੇ ਜਾਣਕਾਰੀ ਵੀ ਹਾਸ਼ੀਏ ਉੱਤੇ ਧੱਕੀ ਜਾਂਦੀ ਹੈ।

ਇਸ ਸਥਿਤੀ ਦੇ ਮੱਦੇਨਜ਼ਰ ਅਸੀਂ ਇਸ ਰਿਪੋਰਟ ਬਾਰੇ ਇਕ ਵਿਸਤ੍ਰਿਤ ਲੇਖ ਲਿਖ ਰਹੇ ਹਾਂ। ਹੋ ਸਕਦਾ ਹੈ ਕਿ ਇਸ ਨਾਲ ਖੇਤ ਮਜ਼ਦੂਰਾਂ ਦੀ ਦਰਦਨਾਕ ਸਥਿਤੀ ਭਾਈਚਾਰੇ ਦੇ ਫਿਕਰਾਂ ਦਾ ਹਿੱਸਾ ਬਣ ਸਕੇ।

ਇਸ ਲੇਖ ਵਿੱਚ ਸਭ ਤੋਂ ਪਹਿਲਾਂ ਅਸੀਂ ਇਹ ਜਾਣਕਾਰੀ ਦੇਵਾਂਗੇ ਕਿ ਬੀ ਸੀ ਦੇ ਖੇਤ ਮਜ਼ਦੂਰ ਕੌਣ ਹਨ। ਉਸ ਤੋਂ ਬਾਅਦ ਖੇਤ ਮਜ਼ਦੂਰਾਂ ਦੇ ਕੰਮ ਦੀਆਂ ਹਾਲਤਾਂ, ਉਹਨਾਂ ਬਾਰੇ ਸਰਕਾਰਾਂ ਦੀਆਂ ਨੀਤੀਆਂ ਅਤੇ ਉਹਨਾਂ ਦੀਆਂ ਹਾਲਤਾਂ ਸੁਧਾਰਨ ਲਈ ਰਿਪੋਰਟ ਵਿੱਚ ਕੀਤੀਆਂ ਸਿਫਾਰਿਸ਼ਾਂ ਬਾਰੇ ਗੱਲ ਕਰਾਂਗੇ ਅਤੇ ਫਿਰ ਆਪਣੇ ਵਲੋਂ ਕੁਝ ਟਿੱਪਣੀਆਂ ਕਰਾਂਗੇ।

**ਬੀ ਸੀ ਦੇ ਖੇਤ ਮਜ਼ਦੂਰ:**

ਬੀ ਸੀ ਦੀ ਫਰੇਜ਼ਰ ਵੈਲੀ ਵਿੱਚ ਭਾਵੇਂ ਬਹੁਤਾ ਕੰਮ ਬਾਹਰ ਖੇਤਾਂ ਵਿੱਚ ਹੁੰਦਾ ਹੈ, ਫਿਰ ਵੀ ਕਾਫੀ ਸਾਰਾ ਕੰਮ ਗਰੀਨਹਾਊਸਾਂ, ਕੈਨਰੀਆਂ, ਨਰਸਰੀਆਂ ਅਤੇ ਵੇਅਰਹਾਊਸਾਂ ਵਿੱਚ ਵੀ ਹੁੰਦਾ ਹੈ। ਇਸ ਸਨਅਤ ਵਿੱਚ ਕੰਮ ਕਰਨ ਵਾਲੇ ਖੇਤ ਮਜ਼ਦੂਰਾਂ ਵਿੱਚੋਂ ਬਹੁਗਿਣਤੀ ਪੰਜਾਬੀ ਲੋਕਾਂ ਦੀ ਹੈ ਜਿਹਨਾਂ ਵਿੱਚੋਂ ਬਹੁਗਿਣਤੀ ਔਰਤਾਂ ਹਨ। ਪੰਜਾਬੀ ਖੇਤ ਮਜ਼ਦੂਰਾਂ ਵਿੱਚੋਂ ਬਹੁਤੇ ਸਿਆਣੀ ਉਮਰ ਦੇ ਲੋਕ ਹਨ – 50 ਤੋਂ 60 ਸਾਲ ਦੇ ਵਿਚਕਾਰ ਅਤੇ ਕਾਫੀ ਸਾਰੇ ਲੋਕ ਇਸ ਤੋਂ ਵੀ ਵੱਧ ਉਮਰ ਦੇ ਹਨ। ਇਹਨਾਂ ਵਿੱਚੋਂ ਵੱਡੀ ਗਿਣਤੀ ਪਰਿਵਾਰਕ ਇੰਮੀਗਰੇਸ਼ਨ ਦੀ ਸ਼੍ਰੇਣੀ ਅਧੀਨ ਆਪਣੇ ਧੀਆਂ/ਪੁੱਤਰਾਂ ਰਾਹੀਂ ਸਪਾਂਸਰ ਹੋ ਕੇ ਕੈਨੇਡਾ ਆਈ ਹੈ। ਉਹਨਾਂ ਵਿੱਚੋਂ ਬਹੁਤਿਆਂ ਨੂੰ ਅੰਗਰੇਜ਼ੀ ਨਹੀਂ ਆਉਂਦੀ। ਬੇਸ਼ੱਕ ਉਹਨਾਂ ਵਿੱਚੋਂ ਕਈਆਂ ਦੀ ਉਮਰ ਪੈਨਸ਼ਨ ਲੈਣ ਦੀ ਉਮਰ ਦੇ ਬਰਾਬਰ ਹੈ, ਪਰ ਪੈਨਸ਼ਨ ਲੈਣ ਦਾ ਹੱਕਦਾਰ ਹੋਣ ਲਈ ਕੈਨੇਡਾ ਵਿੱਚ 10 ਸਾਲ ਦੀ ਰਿਹਾਇਸ਼ ਹੋਣ ਦੀ ਸ਼ਰਤ ਕਾਰਨ ਉਹ ਪੈਨਸ਼ਨ ਲੈਣ ਦੇ ਹੱਕਦਾਰ ਨਹੀਂ ਅਤੇ ਖੇਤਾਂ ਵਿੱਚ ਕੰਮ ਕਰਨ ਲਈ ਮਜ਼ਬੂਰ ਹਨ। ਖੇਤਾਂ ਤੱਕ ਆਉਣ ਜਾਣ ਦੀ ਸਹੂਲਤ ਲਈ ਅਤੇ ਕੰਮ ਦਾ ਸੀਜ਼ਨ ਖਤਮ ਹੋਣ ਬਾਅਦ ਇੰਪਲੌਏਮੈਂਟ ਇੰਸ਼ੋਰੈਂਸ ਦਾ ਭੱਤਾ ਲੈਣ ਦੇ ਹੱਕਦਾਰ ਬਣਨ ਲਈ ਕੀਤੇ ਕੰਮ ਦੇ ਲੋੜੀਂਦੇ ਘੰਟਿਆਂ ਦਾ ਰਿਕਾਰਡ ਪ੍ਰਾਪਤ ਕਰਨ ਲਈ ਬਹੁਤੇ ਪੰਜਾਬੀ ਖੇਤ ਮਜ਼ਦੂਰ ਫਾਰਮ ਠੇਕੇਦਾਰਾਂ ਨਾਲ ਕੰਮ ਕਰਨ ਲਈ ਮਜ਼ਬੂਰ ਹਨ।



(ਫੋਟੋ: ਈਪੋਕ ਟਾਇਮਜ਼ ਦੇ ਧੰਨਵਾਦ ਸਹਿਤ)

ਸੰਨ 2004 ਵਿੱਚ ਫਰੇਜ਼ਰ ਵੈਲੀ ਦੀ ਖੇਤੀ ਦੀ ਸਨਅਤ ਵਿੱਚ ਆਈ ਮਜ਼ਦੂਰਾਂ ਦੀ ਘਾਟ ਕਾਰਨ ਫਰੇਜ਼ਰ ਵੈਲੀ ਦੇ ਖੇਤ ਮਾਲਕ ਫੈਡਰਲ ਸਰਕਾਰ ਦੇ ਸੀਜ਼ਨਲ ਐਗਰੀਕਲਚਰਲ ਵਰਕਰਜ਼ ਪ੍ਰੋਗਰਾਮ ਅਧੀਨ ਮੈਕਸੀਕੋ ਤੋਂ ਕਾਮੇ ਮੰਗਵਾਉਣ ਲੱਗੇ ਹਨ। ਨਤੀਜੇ ਵਜੋਂ ਫਰੇਜ਼ਰ ਵੈਲੀ ਵਿੱਚ ਮੈਕਸੀਕੋ ਤੋਂ ਆਏ ਕਾਮਿਆਂ ਦੀ ਗਿਣਤੀ ਬਹੁਤ ਤੇਜ਼ੀ ਨਾਲ ਵਧੀ ਹੈ। ਸੰਨ 2004 ਵਿੱਚ 50 ਕਾਮੇ ਮੈਕਸੀਕੋ ਤੋਂ ਫਰੇਜ਼ਰ ਵੈਲੀ ਵਿੱਚ ਆਏ ਸਨ। ਸੰਨ 2007 ਵਿੱਚ 2200 ਦੇ ਕਰੀਬ ਕਾਮੇ ਮੈਕਸੀਕੋ ਤੋਂ ਫਰੇਜ਼ਰ ਵੈਲੀ ਵਿੱਚ ਆਏ ਅਤੇ ਇਕ ਅੰਦਾਜ਼ੇ ਮੁਤਾਬਕ ਸੰਨ 2008 ਵਿੱਚ 3000 ਦੇ ਕਰੀਬ ਕਾਮੇ ਮੈਕਸੀਕੋ ਤੋਂ ਫਰੇਜ਼ਰ ਵੈਲੀ ਵਿੱਚ ਆਉਣਗੇ। ਮੈਕਸੀਕੋ ਤੋਂ ਆਉਣ ਵਾਲੇ ਕਾਮੇ 7-8 ਮਹੀਨਿਆਂ ਦੇ ਇਕਰਾਰਨਾਮੇ ਅਧੀਨ 'ਮਹਿਮਾਨ ਵਰਕਰਾਂ' ਵਜੋਂ ਕੈਨੇਡਾ ਆਉਂਦੇ ਹਨ ਅਤੇ ਆਪਣਾ ਇਕਰਾਰਨਾਮਾ ਜਾਂ ਕੰਮ ਮੁੱਕਣ ਤੋਂ ਬਾਅਦ ਵਾਪਸ ਚਲੇ ਜਾਂਦੇ ਹਨ। ਕੈਨੇਡਾ ਵਿੱਚ ਉਹਨਾਂ ਨੂੰ ਪੱਕੇ ਵਸਨੀਕਾਂ ਵਾਲਾ ਕੋਈ ਅਧਿਕਾਰ ਨਹੀਂ ਹੈ। ਇਹਨਾਂ ਕਾਮਿਆਂ ਵਿੱਚ ਬਹੁਗਿਣਤੀ ਮਰਦਾਂ ਦੀ ਹੁੰਦੀ ਹੈ ਅਤੇ ਇਹ ਜਵਾਨ ਉਮਰ -25 ਤੋਂ 44 ਸਾਲ - ਦੇ ਹੁੰਦੇ ਹਨ। ਇਹਨਾਂ ਕਾਮਿਆਂ ਕੋਲ ਇਕ ਖੇਤ-ਮਾਲਕ ਨਾਲ ਕੰਮ ਕਰਨ ਦਾ ਇਕਰਾਰਨਾਮਾ ਹੁੰਦਾ ਹੈ ਅਤੇ ਉਹ ਮਾਲਕ ਵਲੋਂ ਮੁਹੱਈਆ ਕੀਤੀ ਰਿਹਾਇਸ਼ ਵਿੱਚ ਰਹਿੰਦੇ ਹਨ।

ਇਸ ਤਰ੍ਹਾਂ ਇਸ ਸਮੇਂ ਫਰੇਜ਼ਰ ਵੈਲੀ ਵਿੱਚ ਕੰਮ ਕਰਨ ਵਾਲੇ ਖੇਤ ਮਜ਼ਦੂਰ ਦੋ ਮੁੱਖ ਭਾਈਚਾਰਿਆਂ ਵਿੱਚੋਂ ਹਨ। ਇਹਨਾਂ ਦੋਹਾਂ ਗਰੁੱਪਾਂ ਦੇ ਕਾਮਿਆਂ ਦਾ ਕੈਨੇਡਾ ਵਿੱਚ ਇੰਮੀਗਰੇਸ਼ਨ ਦਾ ਦਰਜਾ ਵੱਖ ਵੱਖ ਹੋਣ ਕਰਕੇ, ਉਹਨਾਂ ਨੂੰ ਇਸ ਸਨਅਤ ਵਿੱਚ ਕਈ ਤਰ੍ਹਾਂ ਦੀਆਂ ਵੱਖ ਵੱਖ ਸਥਿਤੀਆਂ ਅਤੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰ ਕਿਉਂਕਿ ਇਹਨਾਂ ਦੋਹਾਂ ਗਰੁੱਪਾਂ ਵਿੱਚੋਂ ਆਉਣ ਵਾਲੇ ਕਾਮੇ ਇਕ ਹੀ ਸਨਅਤ ਵਿੱਚ ਕੰਮ ਕਰਦੇ ਹਨ, ਇਸ ਲਈ ਉਹਨਾਂ ਦੀ ਲੁੱਟ ਅਤੇ ਸ਼ੋਸ਼ਣ ਦੀਆਂ ਬਹੁਤ ਸਾਰੀਆਂ ਸਥਿਤੀਆਂ ਇਕੋ ਜਿਹੀਆਂ ਹਨ।

### ਕੰਮ ਦੀਆਂ ਹਾਲਤਾਂ ਅਤੇ ਤਨਖਾਹਾਂ:

ਇਸ ਰਿਪੋਰਟ ਅਨੁਸਾਰ ਬੀ ਸੀ ਦੇ ਖੇਤ ਮਜ਼ਦੂਰਾਂ ਭੈੜੀਆਂ ਹਾਲਤਾਂ ਵਿੱਚ ਕੰਮ ਕਰਦੇ ਹਨ ਅਤੇ ਉਹਨਾਂ ਨੂੰ ਇਸ ਕੰਮ ਦੀ ਬਹੁਤ ਘੱਟ ਤਨਖਾਹ ਮਿਲਦੀ ਹੈ। ਇਸ ਰਿਪੋਰਟ ਦੇ ਖੋਜੀਆਂ ਨਾਲ ਗੱਲਬਾਤ ਕਰਦਿਆਂ ਬਹੁਤੇ ਮਜ਼ਦੂਰਾਂ ਨੇ ਦੱਸਿਆ ਹੈ ਕਿ ਉਹਨਾਂ ਨੂੰ ਦਿਨ ਵਿੱਚ ਲੰਮੇ ਘੰਟੇ ਕੰਮ ਕਰਨਾ ਪੈਂਦਾ ਹੈ। ਹਰ ਰੋਜ਼ 10-12 ਘੰਟੇ ਕੰਮ ਕਰਨਾ ਤਾਂ ਆਮ ਗੱਲ ਹੈ। ਕਈ ਹਾਲਤਾਂ ਵਿੱਚ ਕੰਮ ਦੀ ਦਿਹਾੜੀ 14 ਘੰਟਿਆਂ ਤੱਕ ਵੀ ਲੰਮੀ ਹੋ ਜਾਂਦੀ ਹੈ। ਮੈਕਸੀਕੋ ਤੋਂ ਆਏ ਕੁਝ ਖੇਤ ਮਜ਼ਦੂਰਾਂ ਨੇ ਦੱਸਿਆ ਕਿ ਸੀਜ਼ਨ ਦੇ ਸਿਖਰ ਉੱਤੇ ਕਈ ਵਾਰ ਉਹਨਾਂ ਨੂੰ ਦਿਨ ਵਿੱਚ 20 ਘੰਟੇ ਤੱਕ ਕੰਮ ਕਰਨਾ ਪੈਂਦਾ ਹੈ। ਫਾਰਮ ਠੇਕੇਦਾਰਾਂ ਨਾਲ ਕੰਮ ਕਰਦੇ ਪੰਜਾਬੀ ਖੇਤ ਮਜ਼ਦੂਰਾਂ ਦੇ ਸੰਬੰਧ ਵਿੱਚ ਸਥਿਤੀ ਨੂੰ ਹੋਰ ਵਿਗਾੜਨ ਵਾਲੀ ਗੱਲ ਇਹ ਹੈ ਕਿ ਲੰਮੇ ਘੰਟੇ ਕੰਮ ਕਰਨ ਤੋਂ ਬਾਅਦ ਇਹਨਾਂ ਮਜ਼ਦੂਰਾਂ ਨੂੰ ਆਉਣ ਜਾਣ ਲਈ ਠੇਕੇਦਾਰਾਂ ਦੀਆਂ ਵੈਨਾਂ ਵਿੱਚ ਕਾਫੀ ਵਕਤ ਲਾਉਣਾ ਪੈਂਦਾ ਹੈ। ਕਈ ਹਾਲਤਾਂ ਵਿੱਚ ਇਕ ਪਾਸੇ ਦੇ ਸਫਰ ਲਈ ਹੀ ਡੇਢ ਤੋਂ ਦੋ ਘੰਟੇ ਤੱਕ ਲਗ ਜਾਂਦੇ ਹਨ।

ਕੰਮ ਦੇ ਲੰਮੇ ਘੰਟਿਆਂ ਦੇ ਨਾਲ ਨਾਲ ਨੋਟ ਕਰਨ ਵਾਲੀ ਗੱਲ ਇਹ ਵੀ ਹੈ ਕਿ ਇਹ ਕੰਮ ਬਹੁਤ ਸਖਤ ਹੈ। ਆਲੂ ਪੁੱਟਣ ਦਾ ਕੰਮ ਕਰਦੀਆਂ ਕੁਝ ਪੰਜਾਬੀ ਔਰਤਾਂ ਨੇ ਦੱਸਿਆ ਕਿ ਲਗਾਤਾਰ 10-12 ਘੰਟਿਆਂ ਲਈ ਗਿੱਲੀ ਜ਼ਮੀਨ ਵਿੱਚੋਂ ਆਲੂ ਚੁਗਣ ਨਾਲ ਉਹਨਾਂ ਦੇ ਗੁੱਟ ਦੁਖਣ ਲੱਗਦੇ ਹਨ ਅਤੇ ਕਦੇ ਕਦੇ ਕੰਮ ਦੀ ਤੇਜ਼ ਰਫਤਾਰ ਕਾਰਨ ਉਹਨਾਂ ਨੂੰ ਚੱਕਰ ਆਉਣ ਲੱਗਦੇ ਹਨ। ਕਈ ਫਾਰਮਾਂ ਵਿੱਚ ਖੇਤ ਮਜ਼ਦੂਰਾਂ ਨੂੰ ਫਾਰਮ ਦੀ ਅਣਪੱਧਰੀ ਜ਼ਮੀਨ ਉੱਤੇ ਦੂਰ ਦੂਰ ਤੱਕ ਭਾਰੀ ਬਾਲਟੀਆਂ ਅਤੇ ਫਲੈਟ ਚੁੱਕ ਕੇ ਤੁਰਨਾ ਪੈਂਦਾ ਹੈ ਜਿਸ ਦੇ ਨਤੀਜੇ ਵੱਜੋਂ ਉਹਨਾਂ ਦੇ ਮੋਢੇ ਅਤੇ ਪਿੱਠਾਂ ਦੁਖਣ ਲੱਗਦੀਆਂ ਹਨ। ਗਰੀਨ ਹਾਊਸ ਵਿੱਚ ਕੰਮ ਕਰਦੀਆਂ ਔਰਤਾਂ ਨੇ ਦੱਸਿਆ ਕਿ ਕਈ ਵਾਰ ਕੰਮ ਦੀ ਰਫਤਾਰ ਏਨੀ ਤੇਜ਼ ਹੁੰਦੀ ਹੈ ਕਿ ਉਹਨਾਂ ਨੂੰ ਇਸ ਨਾਲ ਚੱਕਰ ਆਉਣ ਲੱਗਦੇ ਹਨ। ਇਸ ਤਰ੍ਹਾਂ ਦਾ ਸਖਤ ਕੰਮ ਹੁੰਦਿਆਂ ਵੀ ਖੇਤ ਮਜ਼ਦੂਰ ਸਾਰਾ ਦਿਨ ਬਿਨਾਂ ਦਮ ਲਿਆਂ ਕੰਮ ਕਰਨ ਲਈ ਮਜ਼ਬੂਰ ਹੁੰਦੇ ਹਨ। ਇਕ ਔਰਤ ਨੇ ਦੱਸਿਆ ਕਿ ਜਦੋਂ ਉਹ ਘੰਟਿਆਂ ਦੀ ਤਨਖਾਹ ਉੱਤੇ ਕੰਮ ਕਰਦੀਆਂ ਹਨ ਤਾਂ: "ਸੁਪਰਵਾਈਜ਼ਰ ਲਗਾਤਾਰ ਸਾਡੇ ਉੱਤੇ ਨਿਗਾਹ ਰੱਖਦੇ ਹਨ। ਅਸੀਂ ਬੈਠ ਨਹੀਂ ਸਕਦੀਆਂ, ਗੱਲ ਨਹੀਂ ਕਰ ਸਕਦੀਆਂ ਅਤੇ ਆਰਾਮ ਨਹੀਂ ਕਰ ਸਕਦੀਆਂ - ਉਹ ਚਾਹੁੰਦੇ ਹਨ ਕਿ ਅਸੀਂ ਕੰਮ ਕਰੀ ਜਾਈਏ, ਬਸ ਕੰਮ ਕਰੀ ਜਾਈਏ... ਪਰ ਜਦੋਂ (ਅਸੀਂ) ਪੀਸ ਰੇਟ ਉੱਤੇ ਕੰਮ ਕਰਦੀਆਂ ਹਾਂ, ਬੇਸ਼ੱਕ ਉਸ ਵੇਲੇ ਕੋਈ ਸੁਪਰਵਾਈਜ਼ਰ ਨਹੀਂ ਹੁੰਦਾ, ਫਿਰ ਵੀ ਅਸੀਂ ਆਪਣੇ ਆਪ ਉੱਤੇ ਖੁਦ ਨਿਗਰਾਨੀ ਰੱਖਦੀਆਂ ਹਾਂ। ਅਸੀਂ ਕੰਮ ਕਰਨੋ ਨਹੀਂ ਹਟਦੀਆਂ ਤਾਂਕਿ ਸਾਡੀ ਕਮਾਈ ਨਾ ਘਟ ਜਾਵੇ।"

ਕੰਮ ਦੀ ਸਖਤੀ ਬਾਰੇ ਮੈਕਸੀਕੋ ਤੋਂ ਆਏ ਮਜ਼ਦੂਰਾਂ ਦੇ ਵੀ ਇਸ ਤਰ੍ਹਾਂ ਦੇ ਵਿਚਾਰ ਸਨ। ਮੈਕਸੀਕੋ ਤੋਂ ਆਏ ਇਕ ਮਜ਼ਦੂਰ ਦਾ ਕਹਿਣਾ ਸੀ ਕਿ, "...ਉਹ (ਮਾਲਕ) ਹਮੇਸ਼ਾਂ ਹੀ ਚਾਹੁੰਦੇ ਹਨ ਕਿ ਤੁਸੀਂ ਹੋਰ ਤੇਜ਼ ਅਤੇ ਹੋਰ ਤੇਜ਼ ਕੰਮ ਕਰੋ।" ਮੈਕਸੀਕੋ ਤੋਂ ਆਏ ਕੁਝ ਦੂਸਰੇ ਮਜ਼ਦੂਰਾਂ ਦਾ ਕਹਿਣਾ ਸੀ ਕਿ ਉਹਨਾਂ ਦੇ ਸੁਪਰਵਾਈਜ਼ਰ 'ਸਟਾਪ ਵਾਚਾਂ'' ਲੈ ਕੇ ਉਹਨਾਂ ਦੇ ਪਿੱਛੇ ਲੱਗੇ ਰਹਿੰਦੇ ਹਨ। ਮੈਕਸੀਕੋ ਤੋਂ ਆਏ ਮਜ਼ਦੂਰਾਂ ਨੇ ਇਹ ਵੀ ਦੱਸਿਆ ਕਿ ਵਾਸ਼ਰੂਮ ਜਾਣ ਸਮੇਂ ਉਹਨਾਂ ਨੂੰ ਆਪਣਾ ਕਾਰਡ ਪੰਚ ਕਰਕੇ ਜਾਣਾ ਪੈਂਦਾ ਹੈ। ਭਾਵ ਕਿ ਉਹਨਾਂ ਦੇ ਮਾਲਕ ਉਹਨਾਂ ਵਲੋਂ ਵਾਸ਼ਰੂਮ ਵਿੱਚ ਲਾਏ ਵਕਤ ਦਾ ਵੀ ਹਿਸਾਬ ਰੱਖਣਾ ਚਾਹੁੰਦੇ ਹਨ। ਇਕ ਹੋਰ ਮਜ਼ਦੂਰ ਨੇ ਦੱਸਿਆ ਕਿ "ਮਾਲਕ ਹਮੇਸ਼ਾਂ ਹੀ ਤੁਹਾਡੇ ਉੱਤੇ ਚੜ੍ਹਿਆ ਰਹਿੰਦਾ ਹੈ।" ਇਕ ਹੋਰ ਨੇ ਦੱਸਿਆ, "ਜਦੋਂ ਤੁਸੀਂ ਝੁਕ ਕੇ ਕੰਮ ਕਰਦੇ

ਹੋ, ਤਾਂ ਤੁਹਾਨੂੰ ਕਦੇ ਕਦੇ ਸਾਹ ਲੈਣ ਲਈ ਸਿੱਧੇ ਖੜ੍ਹੇ ਹੋਣਾ ਪੈਂਦਾ ਹੈ। ਸੁਪਰਵਾਈਜ਼ਰ ਨੇ ਮੈਨੂੰ ਖੜ੍ਹਿਆ ਦੇਖ ਲਿਆ ਅਤੇ ਮੈਨੇਜਰ ਨੇ ਮੈਨੂੰ ਧਮਕੀ ਦਿੱਤੀ ਕਿ ਉਹ ਮੈਨੂੰ ਮੈਕਸੀਕੋ ਵਾਪਸ ਭੇਜ ਦੇਵੇਗਾ।"

ਇਸ ਲੰਮੇ ਘੰਟਿਆਂ ਵਾਲੇ ਅਤੇ ਸਖਤ ਕੰਮ ਲਈ ਖੇਤ ਮਜ਼ਦੂਰਾਂ ਨੂੰ ਬਹੁਤ ਘੱਟ ਮਜ਼ਦੂਰੀ ਮਿਲਦੀ ਹੈ। ਇਸ ਖੋਜ ਵਿੱਚ ਹਿੱਸਾ ਲੈਣ ਵਾਲੇ 28 ਪੰਜਾਬੀ ਮਜ਼ਦੂਰਾਂ ਦੀਆਂ ਤਨਖਾਹਾਂ ਦਾ ਹਿਸਾਬ ਲਾਉਣ ਤੋਂ ਬਾਅਦ ਖੋਜੀਆਂ ਦਾ ਦਾਅਵਾ ਹੈ ਕਿ ਸੰਨ 2006 ਵਿੱਚ ਉਹਨਾਂ ਦੀ ਔਸਤ ਤਨਖਾਹ 8 ਡਾਲਰ 23 ਸੈਂਟ ਪ੍ਰਤੀ ਘੰਟਾ ਬਣਦੀ ਸੀ। ਏਨੀ ਘੱਟ ਔਸਤ ਤਨਖਾਹ ਹੋਣ ਦਾ ਸਿੱਧਾ ਅਰਥ ਹੈ ਕਿ ਇਹਨਾਂ ਵਿੱਚੋਂ ਕਈ ਮਜ਼ਦੂਰਾਂ ਦੀ ਤਨਖਾਹ ਬੀ ਸੀ ਦੀ ਘੱਟੋ ਘੱਟ ਤਨਖਾਹ 8 ਡਾਲਰ ਪ੍ਰਤੀ ਘੰਟਾ ਤੋਂ ਵੀ ਘੱਟ ਸੀ। ਇਸ ਦੇ ਨਾਲ ਹੀ ਇਹਨਾਂ ਮਜ਼ਦੂਰਾਂ ਨੂੰ ਓਵਰਟਾਈਮ ਦੀ ਕੋਈ ਤਨਖਾਹ ਨਹੀਂ ਮਿਲਦੀ, ਨਾ ਹੀ ਉਹਨਾਂ ਨੂੰ ਸਰਕਾਰੀ ਛੁੱਟੀਆਂ ਦੀ ਤਨਖਾਹ ਮਿਲਦੀ ਹੈ ਅਤੇ ਨਾ ਹੀ ਸਾਲਾਨਾ ਛੁੱਟੀਆਂ ਦੀ। ਮੈਕਸੀਕੋ ਤੋਂ ਆਏ ਕਾਮਿਆਂ ਦੇ ਇਕਰਾਰਨਾਮੇ ਦੀ ਸ਼ਰਤ ਹੈ ਕਿ ਉਹਨਾਂ ਨੂੰ 8 ਡਾਲਰ 90 ਸੈਂਟ ਪ੍ਰਤੀ ਘੰਟਾ ਤੋਂ ਘੱਟ ਤਨਖਾਹ ਨਹੀਂ ਦਿੱਤੀ ਜਾ ਸਕਦੀ। ਪਰ ਮਾਲਕ ਨੂੰ ਹੱਕ ਹੈ ਕਿ ਉਹ ਇਹਨਾਂ ਕਾਮਿਆਂ ਦੀ ਕੁੱਲ ਤਨਖਾਹ ਦਾ 7 ਫੀਸਦੀ (550 ਡਾਲਰ ਤੱਕ) ਮਕਾਨ ਦੇ ਕਿਰਾਏ ਵਜੋਂ ਕੱਟ ਸਕਦਾ ਹੈ ਕਿਉਂਕਿ ਇਹ ਕਾਮੇ ਮਾਲਕ ਵਲੋਂ ਮੁਹੱਈਆ ਕੀਤੀ ਰਿਹਾਇਸ਼ ਵਿੱਚ ਰਹਿੰਦੇ ਹਨ। ਇਸ ਦੇ ਨਾਲ ਖੋਜ ਵਿੱਚ ਹਿੱਸਾ ਲੈਣ ਵਾਲੇ ਮੈਕਸੀਕੋ ਤੋਂ ਆਏ ਕਈ ਕਾਮਿਆਂ ਨੇ ਦੱਸਿਆ ਕਿ ਉਹਨਾਂ ਦੇ ਮਾਲਕ ਉਹਨਾਂ ਦੀ ਤਨਖਾਹ ਵਿੱਚੋਂ ਕੰਮ ਉੱਤੇ ਸੁਰੱਖਿਆ ਲਈ ਲੋੜੀਂਦੇ ਸਾਜ਼-ਸਾਮਾਨ (ਦਸਤਾਨੇ, ਮਾਸਕ ਆਦਿ) ਦੀ ਕੀਮਤ ਵੀ ਕੱਟਦੇ ਹਨ, ਬੇਸ਼ੱਕ ਅਜਿਹਾ ਕਰਨਾ ਗੈਰ-ਕਾਨੂੰਨੀ ਹੈ। ਮੈਕਸੀਕੋ ਤੋਂ ਆਏ ਕਾਮਿਆਂ ਨੂੰ ਵੀ ਓਵਰਟਾਇਮ ਵਗੈਰਾ ਦੀ ਤਨਖਾਹ ਨਹੀਂ ਮਿਲਦੀ। ਇਸ ਦੇ ਨਾਲ ਹੀ ਮਾਲਕਾਂ ਵਲੋਂ ਇਹਨਾਂ ਮਜ਼ਦੂਰਾਂ ਦੀਆਂ ਤਨਖਾਹਾਂ ਦੇ ਸੰਬੰਧ ਵਿੱਚ ਹੋਰ ਕਈ ਤਰ੍ਹਾਂ ਦੀਆਂ ਵਧੀਕੀਆਂ ਕੀਤੀਆਂ ਜਾਂਦੀਆਂ ਹਨ। ਉਦਾਹਰਨ ਲਈ, ਮੈਕਸੀਕੋ ਤੋਂ ਆਏ ਇਕ ਮਜ਼ਦੂਰ ਨੇ ਦੱਸਿਆ ਕਿ ਇਕ ਮਾਲਕ ਨੇ ਇਕ ਕਾਮੇ ਦੀ 4 ਘੰਟਿਆਂ ਦੀ ਤਨਖਾਹ ਕੱਟ ਲਈ ਜਦੋਂ ਕਿ ਉਹ ਕਾਮਾ 2 ਘੰਟੇ ਕੰਮ ਨਹੀਂ ਸੀ ਕਰ ਸਕਿਆ। ਇਕ ਹੋਰ ਕੇਸ ਵਿੱਚ ਸੰਨ 2007 ਦੇ ਪਹਿਲੇ 2 ਮਹੀਨਿਆਂ ਦੌਰਾਨ ਇਕ ਫਾਰਮ ਮਾਲਕ ਨੇ ਮੈਕਸੀਕੋ ਤੋਂ ਆਏ ਕਾਮਿਆਂ ਨੂੰ ਪਿਛਲੇ ਸਾਲ ਦੇ ਰੇਟ ਦੇ ਹਿਸਾਬ (8 ਡਾਲਰ 60 ਸੈਂਟ ਪ੍ਰਤੀ ਘੰਟੇ) ਨਾਲ ਹੀ ਤਨਖਾਹਾ ਦਿੱਤੀਆਂ ਜਦੋਂ ਕਿ 2007 ਦਾ ਰੇਟ 8 ਡਾਲਰ 90 ਸੈਂਟ ਪ੍ਰਤੀ ਘੰਟਾ ਸੀ।

ਕੰਮ ਉੱਪਰ ਖੇਤ ਮਜ਼ਦੂਰਾਂ ਦੀ ਸਿਹਤ ਅਤੇ ਸੁਰੱਖਿਆ ਨਾਲ ਸੰਬੰਧਤ ਹਾਲਤਾਂ ਵੀ ਬਹੁਤੀਆਂ ਤਸੱਲੀਬਖਸ਼ ਨਹੀਂ। ਇਸ ਰਿਪੋਰਟ ਮੁਤਾਬਕ ਬੀ ਸੀ ਦੀ ਖੇਤੀਬਾੜੀ ਦੀ ਸਨਅਤ ਵਿੱਚ ਕੰਮ ਨਾਲ ਸੰਬੰਧਤ ਦੁਰਘਟਨਾਵਾਂ ਕਾਰਨ ਹਰ ਸਾਲ 800 ਮਜ਼ਦੂਰਾਂ ਦੇ ਸੱਟਾਂ ਲੱਗਦੀਆਂ ਹਨ। ਔਸਤਨ ਹਰ ਸਾਲ ਖੇਤੀਬਾੜੀ ਦੀ ਸਨਅਤ ਵਿੱਚ ਕੰਮ ਕਰਨ ਵਾਲੇ 4 ਕਾਮਿਆਂ ਦੀ ਸੱਟਾਂ ਲੱਗਣ ਕਾਰਨ ਮੌਤ ਹੁੰਦੀ ਹੈ। ਸਮੁੱਚੇ ਰੂਪ ਵਿੱਚ ਬੀ ਸੀ ਦੇ 100 ਖੇਤ ਮਜ਼ਦੂਰਾਂ ਮਗਰ ਸੱਟ ਲੱਗਣ ਦੀ ਸਾਲਾਨਾ ਦਰ 3.7 ਹੈ ਜਿਹੜੀ ਕਿ ਬੀ ਸੀ ਦੀ ਸਾਰੀਆਂ ਸਨਅਤਾਂ ਦੀ ਔਸਤਨ ਦਰ (3.2 ਪ੍ਰਤੀ 100 ਮਜ਼ਦੂਰ) ਨਾਲੋਂ 15 ਫੀਸਦੀ ਵਧ ਹੈ।

ਖੇਤ ਮਜ਼ਦੂਰਾਂ ਨੂੰ ਖੇਤਾਂ ਵਿੱਚ ਕਈ ਤਰ੍ਹਾਂ ਦੀਆਂ ਸਿਹਤ ਲਈ ਹਾਨੀਕਾਰਕ ਹਾਲਤਾਂ ਵਿੱਚ ਕੰਮ ਕਰਨਾ ਪੈਂਦਾ ਹੈ। ਕੰਮ ਦੇ ਲੰਮੇ ਘੰਟਿਆਂ ਅਤੇ ਸਖਤ ਕੰਮ ਤੋਂ ਬਾਅਦ ਜਿਹੜੀ ਸਭ ਤੋਂ ਵੱਡੀ ਹਾਨੀਕਾਰਕ ਹਾਲਤ ਨਾਲ ਉਹਨਾਂ ਦਾ ਵਾਹ ਪੈਂਦਾ ਹੈ, ਉਹ ਹੈ ਖੇਤਾਂ ਵਿੱਚ ਵਰਤੇ ਜਾਂਦੇ ਰਸਾਇਣਕ ਪਦਾਰਥ। ਕਈ ਵਾਰ ਉਹਨਾਂ ਨੂੰ ਉਹਨਾਂ ਖੇਤਾਂ ਵਿੱਚ ਕੰਮ ਕਰਨਾ ਪੈਂਦਾ ਹੈ ਜਿਹਨਾਂ ਵਿੱਚ ਥੋੜ੍ਹਾ ਚਿਰ ਪਹਿਲਾਂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਕੀਤੀ ਗਈ ਹੋਵੇ। ਖੇਤ ਮਜ਼ਦੂਰਾਂ ਨੇ ਇਸ ਸੰਬੰਧ ਵਿੱਚ ਇਕ ਉਦਾਹਰਨ ਦਿੰਦਿਆਂ ਦੱਸਿਆ ਕਿ ਇਕ ਸਮੇਂ ਤਿੰਨ ਮਜ਼ਦੂਰ ਇਕ ਗਰੀਨ ਹਾਊਸ ਦੀ ਛੱਤ ਸਾਫ ਕਰ ਰਹੇ ਸਨ ਤਾਂ ਇਕ ਹੈਲੀਕਾਪਟਰ ਆਇਆ ਅਤੇ ਉਸ ਨੇ ਬਿਨਾਂ ਕੋਈ ਚਿਤਾਵਨੀ ਦਿੱਤਿਆਂ ਨਾਲ ਦੇ ਗਰੀਨਹਾਊਸ ਦੀ ਛੱਤ ਉੱਪਰ ਕੁਝ ਰਸਾਇਣਕ ਪਦਾਰਥ (ਕੈਮੀਕਲ) ਛਿੜਕ ਦਿੱਤੇ। ਨਤੀਜੇ ਵਜੋਂ ਉਹਨਾਂ ਮਜ਼ਦੂਰਾਂ ਨੂੰ ਕਾਹਲੀ ਨਾਲ ਆਪਣੀ ਛੱਤ ਤੋਂ ਹੇਠਾਂ ਉੱਤਰਨਾ ਪਿਆ ਤਾਂਕਿ ਉਹ ਛਿੜਕੇ ਗਏ ਰਸਾਇਣਾਂ ਦੇ ਅਸਰ ਤੋਂ ਉਹਲੇ ਹੋ ਸਕਣ। ਇਕ ਗਰੀਨ ਹਾਊਸ ਵਿੱਚ ਕੰਮ ਕਰਦੀਆਂ ਔਰਤਾਂ ਨੇ ਦੱਸਿਆ ਕਿ ਗਰੀਨ ਹਾਊਸਾਂ ਦੀਆਂ ਬੰਦ ਥਾਂਵਾਂ ਵਿੱਚ ਪੌਦਿਆਂ ਨੂੰ ਪਕਾਉਣ ਲਈ ਛੱਡੀਆਂ ਗੈਸਾਂ ਖਤਰਨਾਕ ਹੁੰਦੀਆਂ ਹਨ ਜਿਹੜੀਆਂ ਸਾਹ ਰਾਹੀਂ ਉਹਨਾਂ ਅੰਦਰ ਜਾਂਦੀਆਂ ਰਹਿੰਦੀਆਂ ਹਨ।



(ਖੇਤ ਵਿੱਚ ਰਸਾਇਣਕ ਪਦਾਰਥਾਂ ਵਾਲਾ ਇਕ ਢੋਲ, ਫੋਟੋ: ਸਟੀਵ ਬੋਚ)

ਖੇਤਾਂ ਵਿੱਚ ਵਰਤੇ ਜਾਂਦੇ ਰਸਾਇਣਕ ਪਦਾਰਥਾਂ (ਕੈਮੀਕਲਾਂ) ਬਾਰੇ ਗੱਲਬਾਤ ਕਰਦਿਆਂ ਬਹੁਤੇ ਖੇਤ ਮਜ਼ਦੂਰਾਂ ਨੇ ਦੱਸਿਆ ਕਿ ਮਾਲਕਾਂ ਵਲੋਂ ਇਹਨਾਂ ਰਸਾਇਣਕ ਪਦਾਰਥਾਂ ਬਾਰੇ ਜਾਂ ਤਾਂ ਜਾਣਕਾਰੀ ਦਿੱਤੀ ਹੀ ਨਹੀਂ ਜਾਂਦੀ ਅਤੇ ਜੇ ਦਿੱਤੀ ਜਾਂਦੀ ਹੈ ਤਾਂ ਬਹੁਤ ਘੱਟ ਜਾਣਕਾਰੀ ਦਿੱਤੀ ਜਾਂਦੀ ਹੈ। ਨਤੀਜੇ ਵਜੋਂ ਖੇਤ ਮਜ਼ਦੂਰਾਂ ਲਈ ਇਹ ਜਾਣਨਾ ਮੁਸ਼ਕਿਲ ਹੁੰਦਾ ਹੈ ਕਿ ਇਹ ਰਸਾਇਣਕ ਪਦਾਰਥ ਕਿੰਨੇ ਕੁ ਖਤਰਨਾਕ ਹਨ। ਕਈ ਵਾਰੀ ਮਾਲਕ ਖੇਤ ਮਜ਼ਦੂਰਾਂ ਨੂੰ ਇਹ ਕਹਿ ਦਿੰਦੇ ਹਨ ਕਿ ਰਸਾਇਣਕ ਪਦਾਰਥ ਹਾਨੀਕਾਰਕ ਨਹੀਂ ਹਨ ਪਰ ਖੇਤ ਮਜ਼ਦੂਰਾਂ ਨੂੰ ਇਸ ਗੱਲ ਦਾ ਯਕੀਨ ਨਹੀਂ ਹੁੰਦਾ। ਖੇਤ ਮਜ਼ਦੂਰਾਂ ਨੇ ਇਹ ਵੀ ਦੱਸਿਆ ਕਿ ਬਹੁਤੀਆਂ ਹਾਲਤਾਂ ਵਿੱਚ ਖੇਤ ਮਾਲਕ ਮਜ਼ਦੂਰਾਂ ਨੂੰ ਰਸਾਇਣਕ ਪਦਾਰਥਾਂ ਤੋਂ ਬਚਾਅ ਵਾਲਾ ਸਾਜ਼ ਸਾਮਾਨ (ਦਸਤਾਨੇ, ਮਾਸਕ ਆਦਿ) ਨਹੀਂ ਲੈ ਕੇ ਦਿੰਦੇ ਅਤੇ ਨਾ ਹੀ ਉਹਨਾਂ ਨੂੰ ਰਸਾਇਣਕ ਪਦਾਰਥਾਂ ਨਾਲ ਸੁਰੱਖਿਅਤ ਢੰਗ ਨਾਲ ਕੰਮ ਕਰਨ ਦੀ ਕੋਈ ਸਿਖਲਾਈ ਦਿੰਦੇ ਹਨ, ਬੇਸ਼ੱਕ ਕਾਨੂੰਨ ਮੁਤਾਬਕ ਉਹਨਾਂ ਨੂੰ ਅਜਿਹਾ ਕਰਨਾ ਚਾਹੀਦਾ ਹੈ। ਇਕ ਪੰਜਾਬੀ ਖੇਤ ਮਜ਼ਦੂਰ ਔਰਤ ਨੇ ਦੱਸਿਆ ਕਿ ਮਾਲਕ ਖੇਤ ਮਜ਼ਦੂਰਾਂ ਦੇ ਮੁਕਾਬਲੇ ਆਪਣੇ ਪੌਦਿਆਂ ਦੀ ਸਿਹਤ ਅਤੇ ਸਫਾਈ ਦਾ ਜ਼ਿਆਦਾ ਖਿਆਲ ਰੱਖਦੇ ਹਨ। ਉਹਨੇ ਉਦਾਹਰਨ ਦਿੰਦਿਆਂ ਦੱਸਿਆ ਕਿ ਮਾਲਕ ਉਹਨਾਂ ਨੂੰ ਸਿਰਫ ਉਦੋਂ ਹੀ ਦਸਤਾਨੇ ਅਤੇ ਟੋਪੀਆਂ ਦਿੰਦੇ ਹਨ ਜਦੋਂ ਉਹ "ਬੇਬੀ ਗਾਜਰਾਂ" ਨੂੰ ਛਾਂਟ ਅਤੇ ਪੈਕ ਕਰ ਰਹੀਆਂ ਹੁੰਦੀਆਂ ਹਨ ਕਿਉਂਕਿ "ਬੇਬੀ ਗਾਜਰਾਂ" ਨੂੰ ਉੱਲੀ ਛੇਤੀ ਲੱਗ ਜਾਂਦੀ ਹੈ।

ਰਸਾਇਣਕ ਪਦਾਰਥਾਂ (ਕੈਮੀਕਲਾਂ) ਨਾਲ ਪੈਂਦੇ ਵਾਹ ਕਾਰਨ ਖੇਤ ਮਜ਼ਦੂਰਾਂ ਵਿੱਚ ਸਿਹਤ ਨਾਲ ਸੰਬੰਧਤ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਅਤੇ ਤਕਲੀਫਾਂ ਪੈਦਾ ਹੁੰਦੀਆਂ ਹਨ। ਇਸ ਖੋਜ ਵਿੱਚ ਸ਼ਾਮਲ ਖੇਤ ਮਜ਼ਦੂਰਾਂ ਅਨੁਸਾਰ ਇਹਨਾਂ ਵਿੱਚੋਂ ਕੁਝ ਸਮੱਸਿਆਵਾਂ ਹਨ: ਚਮੜੀ ਉੱਤੇ ਖਾਜ ਹੋਣਾ, ਅੱਖਾਂ ਦੀਆਂ ਸਮੱਸਿਆਵਾਂ, ਉਲਟੀਆਂ ਆਉਣਾ, ਚੱਕਰ ਆਉਣਾ, ਸਾਹ ਦੀਆਂ ਸਮੱਸਿਆਵਾਂ ਆਦਿ। ਖੇਤ ਮਜ਼ਦੂਰ ਮਹਿਸੂਸ ਕਰਦੇ ਹਨ ਕਿ ਮਾਲਕਾਂ ਨੂੰ ਉਹਨਾਂ ਦੀ ਸਿਹਤ ਦੀ ਕੋਈ ਪਰਵਾਹ ਨਹੀਂ। ਇਕ ਖੇਤ ਮਜ਼ਦੂਰ ਔਰਤ ਅਨੁਸਾਰ, "ਮਾਲਕ ਮਜ਼ਦੂਰਾਂ ਤੋਂ ਸਿਰਫ ਕੰਮ ਲੈਣਾ ਚਾਹੁੰਦੇ ਹਨ। ਜੇ ਅਸੀਂ ਬੀਮਾਰ ਹੋਈਏ ਤਾਂ ਉਹਨਾਂ ਦੀ ਇਸ ਵਿੱਚ ਕੋਈ ਦਿਲਚਸਪੀ ਨਹੀਂ, ਉਹ ਤਾਂ ਸਿਰਫ ਇਹ ਚਾਹੁੰਦੇ ਹਨ ਕਿ ਅਸੀਂ ਕੰਮ ਕਰੀ ਜਾਈਏ।"

ਇਸ ਰਿਪੋਰਟ ਵਿੱਚ ਖੇਤ ਮਜ਼ਦੂਰਾਂ ਦੀ ਸਿਹਤ ਅਤੇ ਸੁਰੱਖਿਆ ਬਾਰੇ ਇਹ ਵੀ ਲਿਖਿਆ ਹੈ ਕਿ ਕਿੰਨੀਆਂ ਹੀ ਕੰਮ ਦੀਆਂ ਥਾਂਵਾਂ ਉੱਪਰ ਲੰਚ ਰੂਮ, ਵਾਸ਼ਰੂਮ ਅਤੇ ਪੀਣ ਦੇ ਪਾਣੀ ਵਰਗੀਆਂ ਮੁਢਲੀਆਂ ਸਹੂਲਤਾਂ ਨਹੀਂ ਹਨ ਜਾਂ ਤਸੱਲੀਬਖਸ਼ ਨਹੀਂ ਹਨ। ਕਈ ਮੈਕਸੀਕਨ ਮਜ਼ਦੂਰਾਂ ਦਾ ਦਾਅਵਾ ਸੀ ਕਿ ਉਹਨਾਂ ਦੀਆਂ ਕੰਮ ਦੀਆਂ ਥਾਂਵਾਂ ਉੱਤੇ ਲੰਚ ਰੂਮ ਅਤੇ ਵਾਸ਼ਰੂਮ ਨਹੀਂ ਸਨ ਅਤੇ ਕੰਮ ਉੱਪਰ ਹੱਥ ਧੋਣ ਲਈ ਪਾਣੀ ਨਹੀਂ ਸੀ। ਰਸਾਇਣਕ ਪਦਾਰਥਾਂ ਨਾਲ ਕੰਮ ਕਰਦੇ ਮਜ਼ਦੂਰਾਂ ਕੋਲ ਹੱਥ ਧੋਣ ਲਈ ਪਾਣੀ ਦਾ ਨਾ ਹੋਣਾ ਸਿਹਤ ਲਈ ਖਤਰਨਾਕ ਹੋ ਸਕਦਾ ਹੈ ਕਿਉਂਕਿ ਪਾਣੀ ਦੀ ਅਣਹੋਂਦ ਕਾਰਨ ਉਹ ਖਾਣਾ ਵਗੈਰਾ ਖਾਣ ਤੋਂ ਪਹਿਲਾਂ ਆਪਣੇ ਹੱਥਾਂ ਨੂੰ ਧੋ ਨਹੀਂ ਸਕਦੇ। ਆਪਣੇ ਕੰਮ ਦੀਆਂ ਹਾਲਤਾਂ ਉੱਪਰ ਟਿੱਪਣੀ ਕਰਦਿਆਂ ਇਕ ਪੰਜਾਬੀ ਔਰਤ ਨੇ ਦੱਸਿਆ "...ਲੰਚ ਰੂਮ ਚੰਗੇ ਅਤੇ ਸਾਫ ਨਹੀਂ ਹਨ। ਸਾਡੇ ਕੋਲ ਬੈਠਣ ਲਈ ਸਿਰਫ ਲੱਕੜ ਦੇ ਫੱਟੇ ਹਨ; ਅਤੇ (ਸਾਡੇ ਕੋਲ) ਠੀਕ ਤਰ੍ਹਾਂ ਦੇ ਵਾਸ਼ਰੂਮ ਨਹੀਂ ਹਨ।" ਗਰੀਨ ਹਾਊਸ ਵਿੱਚ ਕੰਮ ਕਰਦੀ ਇਕ ਔਰਤ ਦਾ ਕਹਿਣਾ ਸੀ ਕਿ ਉਹਨਾਂ ਦੀ ਕੰਮ ਵਾਲੀ ਥਾਂ ਉੱਤੇ ਤਾਪਮਾਨ ਕਾਫੀ ਹੋਣ ਦੇ ਬਾਵਜੂਦ, ਉਹਨਾਂ ਦੇ ਗਰੀਨ ਹਾਊਸ ਵਿੱਚ ਪੀਣ ਲਈ ਪਾਣੀ ਨਹੀਂ ਸੀ।

ਫਾਰਮ ਠੇਕੇਦਾਰਾਂ ਨਾਲ ਕੰਮ ਕਰਨ ਵਾਲੇ ਪੰਜਾਬੀ ਖੇਤ ਮਜ਼ਦੂਰਾਂ ਨੇ ਆਪਣੀ ਸੁਰੱਖਿਆ ਬਾਰੇ ਗੱਲ ਕਰਦਿਆਂ ਠੇਕੇਦਾਰਾਂ ਵਲੋਂ ਖੇਤ ਮਜ਼ਦੂਰਾਂ ਦੀ ਆਵਾਜਾਈ ਲਈ ਵਰਤੀਆਂ ਜਾਂਦੀਆਂ ਗੱਡੀਆਂ ਬਾਰੇ ਕਾਫੀ ਚਿੰਤਾ ਜ਼ਾਹਰ ਕੀਤੀ ਹੈ। ਉਹਨਾਂ ਕਿਹਾ ਕਿ ਇਹਨਾਂ ਗੱਡੀਆਂ ਦੇ ਸੰਬੰਧ ਵਿੱਚ ਫਾਰਮ ਠੇਕੇਦਾਰ ਸੁਰੱਖਿਆ ਦੇ ਕਾਨੂੰਨਾਂ ਦੀਆਂ ਗੰਭੀਰ ਉਲੰਘਣਾਵਾਂ ਕਰਦੇ ਹਨ। ਇਕ ਪੰਜਾਬੀ ਔਰਤ ਨੇ ਆਪਣੇ ਠੇਕੇਦਾਰ ਦੀ ਗੱਡੀ ਦਾ ਵਰਨਣ ਕਰਦਿਆਂ ਕਿਹਾ, "(ਗੱਡੀ ਦੀਆਂ) ਕੋਈ ਖਿੜਕੀਆਂ ਨਹੀਂ, ਕੋਈ ਸ਼ੀਸ਼ਾ ਨਹੀਂ। ਇਸ ਤਰ੍ਹਾਂ ਤੁਸੀਂ ਇਹ ਨਹੀਂ ਦੇਖ ਸਕਦੇ ਕਿ ਅੰਦਰ ਕਿੰਨੇ ਲੋਕ ਲੱਦੇ ਹੋਏ ਹਨ।" ਇਕ ਹੋਰ ਨੇ ਕਿਹਾ ਕਿ ਕਈ ਵਾਰੀ ਅੱਠ ਜਾਂ ਨੌਂ ਜਣਿਆਂ ਲਈ ਸਿਰਫ ਸੱਤ ਸੀਟਾਂ ਹੁੰਦੀਆਂ ਹਨ ਅਤੇ ਕੋਈ ਸੀਟ ਬੈਲਟਾਂ ਨਹੀਂ ਹੁੰਦੀਆਂ। ਕਈ ਵਾਰ 12 ਜਾਂ 14 ਜਣਿਆਂ ਵਾਲੀਆਂ ਵੱਡੀਆਂ ਵੈਨਾਂ ਵਿੱਚ 20 ਦੇ ਕਰੀਬ ਲੋਕ ਬਿਠਾਏ ਹੁੰਦੇ ਹਨ। ਸੀਜ਼ਨ ਦੇ ਸਿਖਰ ਵੇਲੇ ਵੈਨਾਂ ਬਾਰੇ ਗੱਲ ਕਰਦਿਆਂ ਇਕ ਖੇਤ ਮਜ਼ਦੂਰ ਨੇ ਕਿਹਾ, "ਗੱਡੀਆਂ ਓਵਰਲੋਡ ਕੀਤੀਆਂ ਹੁੰਦੀਆਂ ਹਨ ਅਤੇ ਕਾਮੇ ਬਾਲਟੀਆਂ, ਸਟੂਲਾਂ ਉੱਤੇ ਬੈਠੇ ਹੁੰਦੇ ਹਨ ਅਤੇ ਸੀਟ ਬੈਲਟਾਂ ਵਗੈਰ ਸੀਟਾਂ ਉੱਤੇ ਤੂੜੇ ਹੋਏ ਹੁੰਦੇ ਹਨ।"



(7 ਮਾਰਚ 2007 ਨੂੰ ਐਬਟਸਫੋਰਡ ਵਿੱਚ ਹੋਏ ਵੈਨ ਐਕਸੀਡੈਂਟ ਦਾ ਦ੍ਰਿਸ਼ – ਧੰਨਵਾਦ ਸੀ ਬੀ ਸੀ)

ਖੇਤ ਮਜ਼ਦੂਰਾਂ ਦੀ ਆਵਾਜਾਈ ਦੀਆਂ ਇਸ ਤਰ੍ਹਾਂ ਦੀਆਂ ਹਾਲਤਾਂ ਉਹਨਾਂ ਲਈ ਕਾਫੀ ਖਤਰੇ ਦੀਆਂ ਸੰਭਾਵਨਾਵਾਂ ਨਾਲ ਭਰਪੂਰ ਹੁੰਦੀਆਂ ਹਨ। ਇਸ ਤਰ੍ਹਾਂ ਦੀਆਂ ਗੱਡੀਆਂ ਦੇ ਐਕਸੀਡੈਂਟ ਹੋਣ ਦੀ ਸੂਰਤ ਵਿੱਚ ਖੇਤ ਮਜ਼ਦੂਰਾਂ ਦੇ ਕਾਫੀ ਗੰਭੀਰ ਸੱਟਾਂ ਲੱਗਣ ਦਾ ਖਤਰਾ ਬਣਿਆ ਰਹਿੰਦਾ ਹੈ ਅਤੇ ਕਈ ਵਾਰ ਇਹ ਐਕਸੀਡੈਂਟ ਖੇਤ ਮਜ਼ਦੂਰਾਂ ਲਈ ਜਾਨਲੇਵਾ ਬਣ ਜਾਂਦੇ ਹਨ। ਉਦਾਹਰਨ ਲਈ, 7 ਮਾਰਚ 2007 ਨੂੰ ਐਬਟਸਫੋਰਡ ਵਿੱਚ ਖੇਤ ਮਜ਼ਦੂਰਾਂ ਦੀ ਇਕ ਵੈਨ ਦੇ ਐਕਸੀਡੈਂਟ ਨੂੰ ਦੇਖਿਆ ਜਾ ਸਕਦਾ ਹੈ। ਇਸ ਐਕਸੀਡੈਂਟ ਵਿੱਚ ਤਿੰਨ ਖੇਤ ਮਜ਼ਦੂਰ ਔਰਤਾਂ - ਸਰਬਜੀਤ ਕੌਰ ਸਿੱਧੂ, ਅਮਰਜੀਤ ਕੌਰ ਬੱਲ ਅਤੇ ਸੁਖਵਿੰਦਰ ਕੌਰ ਪੂਨੀਆ - ਮਾਰੀਆਂ ਗਈਆਂ ਸਨ ਅਤੇ ਕਈ ਹੋਰ ਔਰਤਾਂ ਜ਼ਖਮੀ ਹੋ ਗਈਆਂ ਸਨ।

ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਮੈਕਸੀਕੋ ਤੋਂ ਆਏ ਖੇਤ ਮਜ਼ਦੂਰ ਖੇਤ ਮਾਲਕਾਂ ਵਲੋਂ ਮੁਹੱਈਆ ਕੀਤੀ ਰਿਹਾਇਸ਼ ਵਿੱਚ ਰਹਿੰਦੇ ਹਨ। ਖੋਜ ਵਿੱਚ ਹਿੱਸਾ ਲੈਣ ਵਾਲੇ ਇਹਨਾਂ ਮਜ਼ਦੂਰਾਂ ਨੇ ਦੱਸਿਆ ਕਿ ਉਹਨਾਂ ਦੀਆਂ ਰਿਹਾਇਸ਼ੀ ਥਾਂਵਾਂ ਦੀ ਹਾਲਤ ਬਹੁਤ ਭੈੜੀ ਹੈ। ਕਈਆਂ ਨੇ ਕਿਹਾ ਕਿ ਉਹਨਾਂ ਦੇ ਮਕਾਨਾਂ ਵਿੱਚ ਬਹੁਤ ਜ਼ਿਆਦਾ ਭੀੜ ਹੈ। ਕਈਆਂ ਮਕਾਨਾਂ ਵਿੱਚ ਜਾਂ ਤਾਂ ਟੁਆਇਲਿਟਾਂ ਨਹੀਂ ਹਨ ਜਾਂ ਬਹੁਤ ਭੈੜੀ ਹਾਲਤ ਵਿੱਚ ਹਨ। ਕਈਆਂ ਨੇ ਕਿਹਾ ਕਿ ਉਹਨਾਂ ਦੇ ਕਿਚਨ ਅਤੇ ਬਾਥਰੂਮ ਵੱਖਰੇ ਵੱਖਰੇ ਨਹੀਂ। ਕਈ ਹੋਰਾਂ ਦਾ ਕਹਿਣਾ ਸੀ ਕਿ ਉਹਨਾਂ ਦੇ ਮਕਾਨਾਂ ਵਿੱਚ ਠੰਢ ਤੋਂ ਬਚਣ ਲਈ ਹੀਟਰ ਨਹੀਂ ਹਨ। ਖੇਤ ਮਜ਼ਦੂਰਾਂ ਦੇ ਇਕ ਗਰੁੱਪ ਅਨੁਸਾਰ ਉਹਨਾਂ ਦੇ ਮਕਾਨ ਦੀ ਛੱਤ ਚੋਂਦੀ ਸੀ, ਮਕਾਨ ਵਿੱਚ ਚੂਹੇ ਸਨ ਅਤੇ ਉਹਨਾਂ ਦਾ ਬਾਥਰੂਮ ਘਰ ਤੋਂ ਬਾਹਰ ਸੀ। ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਸੀਜ਼ਨਲ ਮਜ਼ਦੂਰਾਂ ਦੇ ਇਕਰਾਰਨਾਮੇ ਅਨੁਸਾਰ ਖੇਤ ਮਾਲਕ ਇਸ ਤਰ੍ਹਾਂ ਦੇ ਘਰਾਂ ਲਈ ਵੱਧ ਤੋਂ ਵੱਧ 550 ਡਾਲਰ ਤੱਕ ਦਾ ਕਿਰਾਇਆ ਵੀ ਵਸੂਲ ਕਰ ਸਕਦੇ ਹਨ।



(ਖੇਤ ਮਜ਼ਦੂਰਾਂ ਦੀ ਰਿਹਾਇਸ਼ ਦੀ ਇਕ ਤਸਵੀਰ: ਈਪੋਕ ਟਾਇਮਜ਼ ਦੇ ਧੰਨਵਾਦ ਸਹਿਤ)

ਬੇਸ਼ੱਕ ਖੇਤ ਮਜ਼ਦੂਰ ਕੰਮ ਦੀਆਂ ਅਜਿਹੀਆਂ ਹਾਲਤਾਂ ਨੂੰ ਪਸੰਦ ਨਹੀਂ ਕਰਦੇ ਪਰ ਉਹ ਆਪਣੇ ਆਪ ਨੂੰ ਏਨੇ ਨਿਤਾਣੇ ਸਮਝਦੇ ਹਨ ਕਿ ਉਹ ਇਹਨਾਂ ਹਾਲਤਾਂ ਬਾਰੇ ਸ਼ਿਕਾਇਤ ਕਰਨ ਦਾ ਹੌਂਸਲਾ ਨਹੀਂ ਕਰਦੇ। ਪੰਜਾਬੀ ਖੇਤ ਮਜ਼ਦੂਰ ਆਪਣੀ ਜਾਨ ਫਾਰਮ ਠੇਕੇਦਾਰ ਦੀ ਮੁੱਠੀ ਵਿੱਚ ਫਸੀ ਸਮਝਦੇ ਹਨ। ਉਹ ਮਹਿਸੂਸ ਕਰਦੇ ਹਨ ਕਿ ਜੇ ਉਹਨਾਂ ਨੇ ਕੋਈ ਵੀ ਸ਼ਿਕਾਇਤ ਕੀਤੀ ਤਾਂ ਉਹਨਾਂ ਨੂੰ ਕੰਮ ਤੋਂ ਜੁਆਬ ਮਿਲ ਜਾਵੇਗਾ। ਇਸ ਸਥਿਤੀ ਬਾਰੇ ਇਕ ਪੰਜਾਬੀ ਖੇਤ ਮਜ਼ਦੂਰ ਨੇ ਕਿਹਾ, "ਅਸੀਂ ਠੇਕੇਦਾਰਾਂ ਤੋਂ ਡਰਦੇ ਹਾਂ, ਕਿਉਂਕਿ ਜੇ (ਖੇਤ ਮਜ਼ਦੂਰ) ਕੁਝ ਕਹਿਣ ਤਾਂ ਅਗਲੇ ਦਿਨ ਉਹਨਾਂ ਨੂੰ ਕੰਮ 'ਤੇ ਨਹੀਂ ਲਿਜਾਇਆ ਜਾਂਦਾ... ਫਿਰ ਦੋ ਤਿੰਨ ਦਿਨ ਕੰਮ ਤੇ ਨਾ ਲਿਜਾਏ ਜਾਣ ਬਾਅਦ, (ਠੇਕੇਦਾਰ) ਉਹਨਾਂ ਨੂੰ ਪੁੱਛਦੇ ਹਨ 'ਕਿਉਂ ਹੁਣ ਤੂੰ ਠੀਕ ਹੋ ਗਿਆ ਕਿ ਨਹੀਂ?' 'ਕੀ ਹੁਣ ਦਿਮਾਗ ਪੂਰੀ ਤਰ੍ਹਾਂ ਟਿਕਾਣੇ ਆ ਗਿਆ ਕਿ ਨਹੀਂ?" ਇਕ ਬੇਰੀ ਤੋੜਨ ਵਾਲੇ ਖੇਤ ਮਜ਼ਦੂਰ ਨੇ ਦੱਸਿਆ, "ਕੋਈ ਵੀ ਸਾਨੂੰ (ਤਨਖਾਹਾਂ) ਬਾਰੇ ਨਹੀਂ ਦੱਸਦਾ। ... ਸਾਨੂੰ ਡਰ ਹੁੰਦਾ ਹੈ ਕਿ ਜੇ ਅਸੀਂ ਕੁਝ ਪੁੱਛਿਆ ਤਾਂ ਸਾਨੂੰ ਕੰਮ ਤੋਂ ਜੁਆਬ ਮਿਲ ਜਾਵੇਗਾ।"

ਮੈਕਸੀਕੋ ਤੋਂ ਆਏ ਖੇਤ ਮਜ਼ਦੂਰ ਵੀ ਸ਼ਿਕਾਇਤ ਕਰਨ ਤੋਂ ਡਰਦੇ ਹਨ। ਮਾਲਕਾਂ ਅਤੇ ਉਹਨਾਂ ਵਿਚਕਾਰ ਹੋਏ ਇਕਰਾਰਨਾਮੇ ਵਿੱਚ ਮਾਲਕ ਨੂੰ ਹੱਕ ਦਿੱਤਾ ਗਿਆ ਹੈ ਕਿ ਉਹ ਕਿਸੇ ਵੀ ਕਾਮੇ ਨੂੰ "ਹੁਕਮ ਅਦੂਲੀ, ਕੰਮ ਕਰਨ ਤੋਂ ਨਾਂਹ ਕਰਨ ਜਾਂ ਹੋਰ ਵੀ ਕਿਸੇ ਕਾਰਨ ਕਰਕੇ" ਕੰਮ ਤੋਂ ਜੁਆਬ ਦੇ ਸਕਦੇ ਹਨ। ਇਸ ਇਕਰਾਰਨਾਮੇ ਅਨੁਸਾਰ ਮੈਕਸੀਕੋ ਤੋਂ ਆਏ ਖੇਤ ਮਜ਼ਦੂਰ ਸਿਰਫ ਇਕ ਹੀ ਖੇਤ ਮਾਲਕ ਨਾਲ ਕੰਮ ਕਰ ਸਕਦੇ ਹਨ। ਇਸ ਲਈ ਜੇ ਇਕ ਮਾਲਕ ਉਹਨਾਂ ਨੂੰ ਕੰਮ ਤੋਂ ਜੁਆਬ ਦੇ ਦੇਵੇ ਤਾਂ ਉਹ ਕਿਸ ਦੂਸਰੇ ਮਾਲਕ ਕੋਲ ਕੰਮ ਨਹੀਂ ਕਰ ਸਕਦੇ ਅਤੇ ਨਤੀਜੇ ਵਜੋਂ ਉਹਨਾਂ ਨੂੰ ਆਪਣੇ ਦੇਸ਼ ਵਾਪਸ ਜਾਣਾ ਪੈ ਸਕਦਾ ਹੈ। ਇਸ ਦੇ ਨਾਲ ਹੀ ਉਹ

ਅਗਲੇ ਸੀਜ਼ਨ ਵਿੱਚ ਵਾਪਸ ਨਹੀਂ ਆ ਸਕਣਗੇ ਕਿਉਂਕਿ ਅਗਲੇ ਸਾਲ ਵਾਪਸ ਆਉਣ ਲਈ ਉਹਨਾਂ ਨੂੰ ਆਪਣੇ ਪਹਿਲੇ ਮਾਲਕ ਵਲੋਂ ਚੰਗੇ ਹਵਾਲੇ ਦੀ ਲੋੜ ਹੁੰਦੀ ਹੈ। ਇਕਰਾਰਨਾਮੇ ਦੀ ਇਸ ਸ਼ਰਤ ਦਾ ਮਾਲਕ ਪੂਰੀ ਤਰ੍ਹਾਂ ਫਾਇਦਾ ਉਠਾਉਂਦੇ ਹਨ ਅਤੇ "ਦੇਸ਼ ਵਾਪਸ ਭੇਜਣ ਦੀ ਧਮਕੀ" ਨਾਲ ਮਜ਼ਦੂਰਾਂ ਨੂੰ ਆਪਣੇ ਕਾਬੂ ਵਿੱਚ ਰੱਖਦੇ ਹਨ। ਮੈਕਸੀਕੋ ਤੋਂ ਆਏ ਇਕ ਖੇਤ ਮਜ਼ਦੂਰ ਨੇ ਦੱਸਿਆ ਕਿ ਜੇ ਮਜ਼ਦੂਰ ਸਾਹ ਲੈਣ ਲਈ ਵੀ ਰੁਕਣ ਤਾਂ ਮਾਲਕ ਉਹਨਾਂ ਨੂੰ ਵਾਪਸ ਦੇਸ਼ ਭੇਜਣ ਦੀ ਧਮਕੀ ਦਿੰਦੇ ਹਨ। ਅਜਿਹੀਆਂ ਸਥਿਤੀਆਂ ਵਿੱਚ ਉਹ ਆਪਣੇ ਕੰਮ ਦੀਆਂ ਹਾਲਤਾਂ ਬਾਰੇ ਸ਼ਿਕਾਇਤ ਕਰਨ ਦੀ ਥਾਂ ਉਹਨਾਂ ਨੂੰ ਸਹਿਣ ਲਈ ਮਜ਼ਬੂਰ ਹੋ ਜਾਂਦੇ ਹਨ।

ਕਈ ਲੋਕ ਸੋਚ ਸਕਦੇ ਹਨ ਕਿ ਅਜਿਹੀਆਂ ਹਾਲਤਾਂ ਵਿੱਚ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਖੇਤ ਮਜ਼ਦੂਰਾਂ ਦੀ ਮਦਦ ਕਰੇ। ਆਖਿਰ ਨੂੰ ਸਰਕਾਰਾਂ ਦਾ ਇਹ ਫਰਜ਼ ਹੁੰਦਾ ਹੈ ਕਿ ਉਹ ਸਮਾਜ ਦੇ ਸਾਰੇ ਲੋਕਾਂ ਦੀ ਭਲਾਈ ਅਤੇ ਇਨਸਾਫ ਬਾਰੇ ਸੋਚੇ। ਸਮਾਜ ਵਿੱਚ ਜਿਹੜੇ ਲੋਕ ਆਪਣੀ ਸੁਰੱਖਿਆ ਆਪ ਕਰਨ ਦੇ ਯੋਗ ਨਹੀਂ ਉਹਨਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਲਵੇ ਅਤੇ ਉਹਨਾਂ ਦੇ ਘੱਟੋ ਘੱਟ ਹੱਕਾਂ ਨੂੰ ਬਚਾਉਣ ਲਈ ਕਾਨੂੰਨ ਬਣਾਵੇ ਅਤੇ ਕਾਨੂੰਨਾਂ ਦੀ ਤਾਮੀਲ ਕਰਵਾਉਣ ਲਈ ਵਸੀਲੇ ਮੁਹੱਈਆ ਕਰੇ। ਕੀ ਸਾਡੀਆਂ ਸਰਕਾਰਾਂ – ਬੀ ਸੀ ਅਤੇ ਕੈਨੇਡਾ ਦੀ ਸਰਕਾਰ – ਨੇ ਅਜਿਹਾ ਕੀਤਾ ਹੈ? ਇਸ ਦਾ ਜੁਆਬ ਹੈ ਨਹੀਂ। ਇਸ ਤਰ੍ਹਾਂ ਜਾਪਦਾ ਹੈ ਕਿ ਉਹਨਾਂ ਨੂੰ ਇਹਨਾਂ ਨਿਤਾਣੇ ਕਾਮਿਆਂ ਦੇ ਹਿਤਾਂ ਦੇ ਫਿਕਰ ਦੀ ਥਾਂ ਖੇਤ ਮਾਲਕਾਂ ਦੇ ਹਿਤਾਂ ਦਾ ਜ਼ਿਆਦਾ ਫਿਕਰ ਹੈ। ਆਉ ਸੰਖੇਪ ਵਿੱਚ ਦੇਖੀਏ ਖੇਤ ਮਜ਼ਦੂਰਾਂ ਦੀ ਸਮੱਸਿਆ ਬਾਰੇ ਸਰਕਾਰਾਂ ਦੀ ਕਾਰਗੁਜਾਰੀ।

**ਸਰਕਾਰਾਂ ਦੀਆਂ ਨੀਤੀਆਂ**

ਰਿਪੋਰਟ ਅਨੁਸਾਰ ਬੀ ਸੀ ਦੀ ਮੌਜੂਦਾ ਲਿਬਰਲ ਸਰਕਾਰ ਨੇ ਮਈ 2001 ਵਿੱਚ ਤਾਕਤ ਵਿੱਚ ਆਉਣ ਤੋਂ ਬਾਅਦ ਖੇਤ ਮਜ਼ਦੂਰਾਂ ਦੇ ਥੋੜ੍ਹੇ ਬਹੁਤੇ ਕਾਨੂੰਨੀ ਹੱਕਾਂ ਦੀ ਰਾਖੀ ਕਰਨ ਅਤੇ ਉਹਨਾਂ ਨੂੰ ਮਜ਼ਬੂਤ ਕਰਨ ਦੀ ਥਾਂ ਉਹਨਾਂ ਨੂੰ ਕਮਜ਼ੋਰ ਕਰਨਾ ਸ਼ੁਰੂ ਕਰ ਦਿੱਤਾ। ਬੀ ਸੀ ਵਿੱਚ ਮਜ਼ਦੂਰਾਂ ਦੇ ਘੱਟੋ ਘੱਟ ਹੱਕ ਨਿਸ਼ਚਿਤ ਕਰਨ ਵਾਲੇ *ਇੰਪਲੋਏਮੈਂਟ ਸਟੈਂਡਰਡਜ਼ ਐਕਟ* ਵਿੱਚ ਮੌਜੂਦ ਖੇਤ ਮਜ਼ਦੂਰਾਂ ਦੇ ਕਈ ਹੱਕਾਂ ਨੂੰ ਖਤਮ ਕਰ ਦਿੱਤਾ, ਇਸ ਕਾਨੂੰਨ ਅਧੀਨ ਆਉਂਦੇ ਖੇਤ ਮਜ਼ਦੂਰਾਂ ਦੇ ਹੱਕਾਂ ਅਤੇ ਖੇਤ ਮਜ਼ਦੂਰਾਂ ਦੀ ਸਿਹਤ ਅਤੇ ਸੁਰੱਖਿਆ ਲਈ ਬਣੇ ਕਾਨੂੰਨਾਂ ਦੀ ਤਾਮੀਲ ਕਰਨ ਦੀਆਂ ਕਾਰਵਾਈਆਂ ਨੂੰ ਘਟਾ ਦਿੱਤਾ। ਬੀ ਸੀ ਦੀ ਸਰਕਾਰ ਵਲੋਂ ਖੇਤ ਮਜ਼ਦੂਰਾਂ ਦੇ ਸੰਬੰਧ ਵਿੱਚ ਉਠਾਏ ਅਜਿਹੇ ਕੁਝ ਕਦਮਾਂ ਦਾ ਸੰਖੇਪ ਸਾਰ ਇਸ ਤਰ੍ਹਾਂ ਹੈ:

- ਸਭ ਤੋਂ ਪਹਿਲਾਂ ਤਾਕਤ ਵਿੱਚ ਆਉਣ ਦੇ 2 ਮਹੀਨਿਆਂ ਬਾਅਦ ਹੀ ਬੀ ਸੀ ਦੀ ਲਿਬਰਲ ਸਰਕਾਰ ਨੇ ਜੁਲਾਈ 2001 ਵਿੱਚ ਕਈ ਸਰਕਾਰੀ ਏਜੰਸੀਆਂ ਵਲੋਂ ਬਣਾਈ ਸਾਂਝੀ ਐਗਰੀਕਲਚਰਲ ਕੰਪਲਾਇੰਸ ਟੀਮ ਨੂੰ ਤੋੜ ਦਿੱਤਾ। ਇਹ ਟੀਮ ਸੰਨ 1997 ਵਿੱਚ ਬੀ ਸੀ ਮਨਿਸਟਰੀ ਆਫ ਲੇਬਰ ਅਤੇ ਹਿਊਮਨ ਰੀਸੋਰਸਜ਼ ਡਿਵੈਲਪਮੈਂਟ ਕੈਨੇਡਾ ਦੇ ਸਹਿਯੋਗ ਨਾਲ ਸਥਾਪਤ ਕੀਤੀ ਗਈ ਸੀ। ਇਸ ਟੀਮ ਦਾ ਮਕਸਦ ਖੇਤੀ ਦੀ ਸਨਅਤ ਵਿੱਚ ਮਜ਼ਦੂਰਾਂ ਨਾਲ ਸੰਬੰਧਤ ਉਲੰਘਣਾਵਾਂ ਦੀ ਜਾਂਚ ਕਰਨਾ ਸੀ। ਖਾਸ ਕਰ ਕੇ ਖੇਤ ਮਾਲਕਾਂ ਅਤੇ ਫਾਰਮ ਠੇਕੇਦਾਰਾਂ ਵਲੋਂ ਕੀਤੀਆਂ ਜਾਂਦੀਆਂ ਉਲੰਘਣਾਵਾਂ ਦੀ। ਬਾਅਦ ਵਿੱਚ ਨਕਲੀ ਟੈਕਸ ਰਿਟਰਨਾਂ ਨਾਲ ਨਜਿੱਠਣ ਲਈ ਕੈਨੇਡਾ ਰੈਵਨਿਊ ਏਜੰਸੀ ਵੀ ਇਸ ਟੀਮ ਦਾ ਹਿੱਸਾ ਬਣ ਗਈ । ਇਸ ਟੀਮ ਦਾ ਕੰਮ ਆਪ ਪਹਿਲ ਕਰਕੇ ਖੇਤੀਬਾੜੀ ਦੀ ਸਨਅਤ ਵਿੱਚ ਹੁੰਦੀਆਂ ਕਾਨੂੰਨ ਦੀਆਂ ਉਲੰਘਣਾਵਾਂ ਦੀ ਜਾਂਚ ਕਰਨਾ ਸੀ ਨਾ ਕਿ ਕਿਸੇ ਵਲੋਂ ਸ਼ਿਕਾਇਤ ਕੀਤੇ ਜਾਣ ਦੀ ਉਡੀਕ ਕਰਨਾ। ਸੰਨ 1997 – 2001 ਵਿਚਕਾਰ ਇਸ ਟੀਮ ਨੇ ਫਾਰਮ ਠੇਕੇਦਾਰਾਂ ਵਲੋਂ ਇੰਪਲੋਏਮੈਂਟ ਸਟੈਂਡਰਡਜ਼ ਐਕਟ ਦੇ ਕਾਨੂੰਨ ਦੀਆਂ ਕੀਤੀਆਂ 1136 ਉਲੰਘਣਾਵਾਂ ਦਾ ਪਤਾ ਲਾਇਆ ਸੀ। ਇਸ ਟੀਮ ਦੀ ਸਫਲਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗ ਸਕਦਾ ਹੈ ਕਿ ਇਸ ਟੀਮ ਦੇ ਪ੍ਰੋਗਰਾਮ ਦੇ ਮੁਖੀ ਨੂੰ ਉਸ ਦੇ ਕੰਮ ਕਰ ਕੇ ਮਾਰ ਦਿੱਤੇ ਜਾਣ ਦੀਆਂ ਧਮਕੀਆਂ ਮਿਲੀਆਂ ਅਤੇ ਉਸ ਨੂੰ ਪੁਲੀਸ ਦੀ ਸੁਰੱਖਿਆ ਪ੍ਰਦਾਨ ਕੀਤੀ ਗਈ।
- ਸੰਨ 2002 ਦੇ ਬਸੰਤ ਦੇ ਮੌਸਮ ਵਿੱਚ ਸਰਕਾਰ ਨੇ ਬੀ ਸੀ ਦੇ ਇੰਪਲੌਏਮੈਂਟ ਸਟੈਂਡਰਡਜ਼ ਐਕਟ ਵਿੱਚ ਤਰਮੀਮਾਂ ਕੀਤੀਆਂ, ਜਿਸ ਨਾਲ ਖੇਤ ਮਜ਼ਦੂਰਾਂ ਦੇ ਕਈ ਹੱਕਾਂ ਨੂੰ ਘਟਾਇਆ ਗਿਆ ਜਾਂ ਖਤਮ ਕੀਤਾ ਗਿਆ। ਸਭ ਤੋਂ ਪਹਿਲਾਂ ਉਹ ਸ਼ਰਤ ਖਤਮ ਕਰ ਦਿੱਤੀ ਗਈ ਜਿਸ ਅਧੀਨ ਖੇਤ ਮਾਲਕਾਂ ਨੂੰ ਆਪਣੇ ਖੇਤਾਂ ਵਿੱਚ ਫਾਰਮ ਠੇਕੇਦਾਰਾਂ ਨਾਲ ਕੰਮ ਕਰਨ ਵਾਲੇ ਖੇਤ ਮਜ਼ਦੂਰਾਂ ਨੂੰ ਦਿੱਤੀਆਂ ਤਨਖਾਹਾਂ ਦਾ ਰਿਕਾਰਡ ਰੱਖਣਾ ਪੈਂਦਾ ਸੀ। ਇਸ ਦੇ ਨਾਲ ਹੀ ਖੇਤ ਮਾਲਕਾਂ ਨੂੰ ਖੇਤਾਂ ਵਿੱਚ ਠੇਕੇਦਾਰਾਂ ਨਾਲ ਕੰਮ ਕਰਦੇ ਖੇਤ ਮਜ਼ਦੂਰਾਂ ਨੂੰ ਤਨਖਾਹਾਂ ਦੇਣ ਦੀ ਜ਼ਿੰਮੇਵਾਰੀ ਤੋਂ ਵੀ ਸੁਰਖਰੂ ਕਰ ਦਿੱਤਾ ਗਿਆ। ਸੰਨ 1995 ਵਿੱਚ ਬਣਾਏ ਕਾਨੂੰਨ ਅਨੁਸਾਰ ਇਹ ਜ਼ਰੂਰੀ ਸੀ ਕਿ ਫਾਰਮ ਠੇਕੇਦਾਰ ਖੇਤ ਮਜ਼ਦੂਰਾਂ ਨੂੰ ਦਿੱਤੀਆਂ ਤਨਖਾਹਾਂ ਦੇ ਰਿਕਾਰਡ ਖੇਤ ਮਾਲਕਾਂ ਨੂੰ ਦੇਣ ਅਤੇ ਖੇਤ ਮਾਲਕ ਇਹ ਰਿਕਾਰਡ ਸੱਤ ਸਾਲ ਤੱਕ ਰੱਖਣ। ਇਸ ਹੀ ਕਾਨੂੰਨ ਮੁਤਾਬਕ ਖੇਤ ਮਾਲਕ ਆਪਣੇ ਖੇਤਾਂ ਵਿੱਚ ਫਾਰਮ ਠੇਕੇਦਾਰਾਂ ਨਾਲ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਤਨਖਾਹਾਂ ਦੇਣ ਲਈ ਫਾਰਮ ਠੇਕੇਦਾਰਾਂ ਦੇ ਨਾਲ ਜ਼ਿੰਮੇਵਾਰ ਹੁੰਦੇ ਸਨ। ਅਜਿਹਾ ਕਾਨੂੰਨ ਇਸ ਲਈ ਬਣਾਇਆ ਗਿਆ ਸੀ ਤਾਂ ਕਿ ਫਾਰਮ ਠੇਕੇਦਾਰਾਂ ਵਲੋਂ ਖੇਤ ਮਜ਼ਦੂਰਾਂ ਦੀਆਂ ਤਨਖਾਹਾਂ ਮਾਰਨ ਨੂੰ ਮੁਸ਼ਕਿਲ ਬਣਾਇਆ ਜਾ ਸਕੇ। ਪਰ ਲਿਬਰਲ ਸਰਕਾਰ ਨੇ ਇਹ ਗੱਲ ਜਾਣਦਿਆਂ

ਹੋਇਆਂ ਵੀ ਕਿ ਕਈ ਫਾਰਮ ਠੇਕੇਦਾਰ ਖੇਤ ਮਜ਼ਦੂਰਾਂ ਦੀਆਂ ਤਨਖਾਹਾਂ ਮਾਰ ਲੈਂਦੇ ਹਨ, ਇਸ ਕਾਨੂੰਨ ਵਿੱਚ ਤਰਮੀਮ ਕਰ ਦਿੱਤੀ।

- ਬੀ ਸੀ ਵਿੱਚ ਕੰਮ ਦੇ ਘੱਟੋ ਘੱਟ ਮਾਪਾਂ ਦੇ ਕਾਨੂੰਨ ਨੂੰ ਲਾਗੂ ਕਰਨ ਵਾਲੀ ਇੰਪਲੌਏਮੈਂਟ ਸਟੈਂਡਰਡਜ਼ ਬ੍ਰਾਂਚ ਦੇ ਬੱਜਟ ਵਿੱਚ ਵੱਡੀਆਂ ਕਟੌਤੀਆਂ ਕਰ ਦਿੱਤੀਆਂ ਗਈਆਂ। ਜਿਸ ਕਾਰਨ ਇਸ ਬ੍ਰਾਂਚ ਦੇ ਸਟਾਫ ਵਿੱਚ ਇਕ ਤਿਹਾਈ ਕਮੀ ਹੋ ਗਈ ਅਤੇ ਬੀ ਸੀ ਭਰ ਵਿੱਚ ਇੰਪਲੋਏਮੈਂਟ ਸਟੈਂਡਰਡਜ਼ ਬ੍ਰਾਂਚ ਦੇ ਕਈ ਦਫਤਰ ਬੰਦ ਕਰ ਦਿੱਤੇ ਗਏ। ਇਸ ਨਾਲ ਇਸ ਕਾਨੂੰਨ ਦੀ ਤਾਮੀਲ ਕਰਵਾਉਣ ਦੇ ਕਾਰਜ ਵਿੱਚ ਕਮੀ ਆਈ। ਇਸ ਹੀ ਤਰ੍ਹਾਂ ਜਨਵਰੀ 2002 ਵਿੱਚ ਸਰਕਾਰ ਨੇ ਖੇਤ ਮਾਲਕਾਂ ਅਤੇ ਫਾਰਮ ਠੇਕੇਦਾਰਾਂ ਦੀ ਗੱਲ ਸੁਣਦਿਆਂ ਇੰਪਲੌਏਮੈਂਟ ਸਟੈਂਡਰਡਜ਼ ਬ੍ਰਾਂਚ ਦੇ ਸਟਾਫ ਨੂੰ ਨਿਰਦੇਸ਼ ਦਿੱਤੇ ਕਿ ਉਹ ਬੇਰੀ ਤੋੜ੍ਹਨ ਦੇ ਸਿਖਰ ਦੇ ਸਮੇਂ ਦੌਰਾਨ ਖੇਤਾਂ ਵਿੱਚ ਆਪਣੀਆਂ ਫੇਰੀਆਂ ਨੂੰ ਘਟਾ ਦੇਣ। ਸਰਕਾਰ ਦੇ ਨਿਰਦੇਸ਼ ਵਿੱਚ ਕਿਹਾ ਗਿਆ ਕਿ ਇੰਪਲੌਏਮੈਂਟ ਸਟੈਂਡਰਡਜ਼ ਬ੍ਰਾਂਚ ਦਾ ਸਟਾਫ ਕਾਨੂੰਨ ਲਾਗੂ ਕਰਵਾਉਣ ਦਾ ਆਪਣਾ ਕੰਮ ਸਿਆਲ ਅਤੇ ਬਸੰਤ ਰੁੱਤ ਵਿੱਚ ਪੂਰੀ ਸਰਗਰਮੀ ਨਾਲ ਕਰ ਸਕਦਾ ਹੈ। ਅਜਿਹੇ ਨਿਰਦੇਸ਼ ਦੇਣ ਪਿੱਛੇ ਸਰਕਾਰ ਦੀ ਦਲੀਲ ਇਹ ਸੀ ਕਿ ਉਹ ਬੇਰੀ ਤੋੜ੍ਹਨ ਦੇ ਸਿਖਰ ਦੇ ਸਮੇਂ ਖੇਤਾਂ ਦੇ ਕੰਮ ਵਿੱਚ ਘੱਟ ਤੋਂ ਘੱਟ ਵਿਘਨ ਪਾਉਣਾ ਚਾਹੁੰਦੀ ਹੈ। ਪਰ ਉਸ ਨੇ ਇਹ ਖਿਆਲ ਨਹੀਂ ਰੱਖਿਆ ਕਿ ਇਸ ਸਮੇਂ ਇਹ ਜਾਂਚ ਕਰਨ ਦੀ ਜ਼ਿਆਦਾ ਲੋੜ ਹੈ ਕਿ ਖੇਤ ਮਾਲਕ ਅਤੇ ਫਾਰਮਾਂ ਦੇ ਠੇਕੇਦਾਰ ਇੰਪਲੌਏਮੈਂਟ ਸਟੈਂਡਰਡਜ਼ ਦੇ ਕਾਨੂੰਨਾਂ ਦੀ ਪਾਲਣਾ ਕਰਦੇ ਹਨ ਕਿ ਨਹੀਂ।
- ਇਸ ਸਰਕਾਰ ਵਲੋਂ ਬੀ ਸੀ ਦੇ ਖੇਤ ਮਜ਼ਦੂਰਾਂ ਦੇ ਹੱਕਾਂ ਉੱਪਰ ਅਗਲਾ ਹਮਲਾ 2003 ਦੀ ਬਸੰਤ ਰੁੱਤ ਵਿੱਚ ਕੀਤਾ ਗਿਆ ਜਦੋਂ ਇਕ ਕੈਬਨਿਟ ਆਰਡਰ ਇਨ ਕਾਉਂਸਲ ਨਾਲ ਇੰਪਲੌਏਮੈਂਟ ਸਟੈਂਡਰਡਜ਼ ਦੇ ਕਾਨੂੰਨਾਂ ਵਿੱਚ ਹੋਰ ਤਬਦੀਲੀਆਂ ਕੀਤੀਆਂ ਗਈਆਂ। ਇਹਨਾਂ ਤਬਦੀਲੀਆਂ ਨਾਲ ਸਭ ਤੋਂ ਪਹਿਲਾਂ ਸਰਕਾਰ ਨੇ ਫਾਰਮਾਂ ਵਿੱਚ ਪੀਸ ਰੇਟ ਉੱਤੇ ਕੰਮ ਕਰਨ ਵਾਲੇ ਖੇਤ ਮਜ਼ਦੂਰਾਂ ਦੀਆਂ ਤਨਖਾਹਾਂ 4 ਫੀਸਦੀ ਦੇ ਕਰੀਬ ਘਟਾ ਦਿੱਤੀਆਂ ਕਿਉਂਕਿ ਉਹਨਾਂ ਇਹ ਕਾਨੂੰਨ ਬਣਾ ਦਿੱਤਾ ਕਿ ਪੀਸ ਰੇਟ ਵਿੱਚ ਹੀ ਸਰਕਾਰੀ ਛੁੱਟੀਆਂ ਅਤੇ ਸਾਲਾਨਾ ਛੁੱਟੀਆਂ ਦੀ ਤਨਖਾਹ ਸ਼ਾਮਲ ਹੁੰਦੀ ਹੈ। ਇਸ ਤੋਂ ਅਗਾਂਹ ਖੇਤਾਂ ਵਿੱਚ ਘੰਟਿਆਂ ਦੀ ਤਨਖਾਹ ਉੱਪਰ ਕੰਮ ਕਰਦੇ ਖੇਤ ਮਜ਼ਦੂਰਾਂ ਨੂੰ ਸਰਕਾਰੀ ਛੁੱਟੀਆਂ ਅਤੇ ਸਾਲਾਨਾ ਛੁੱਟੀਆਂ ਦੀ ਤਨਖਾਹ ਲੈਣ ਦੇ ਹੱਕਦਾਰ ਹੋਣ ਤੋਂ ਵਾਂਝੇ ਕਰ ਦਿੱਤਾ। ਨੰਬਰ ਤਿੰਨ ਸਰਕਾਰ ਨੇ ਫਾਰਮਾਂ ਦੇ ਠੇਕੇਦਾਰਾਂ ਨਾਲ ਘੰਟਿਆਂ ਦੀ ਤਨਖਾਹ ਉੱਤੇ ਕੰਮ ਕਰਦੇ ਖੇਤ ਮਜ਼ਦੂਰਾਂ ਨੂੰ ਉਸ ਹਾਲਤ ਵਿੱਚ ਮਿਲਣ ਵਾਲੀ ਘੱਟੋ ਘੱਟ ਘੰਟਿਆਂ ਦੀ ਤਨਖਾਹ ਨੂੰ ਚਾਰ ਘੰਟਿਆਂ ਤੋਂ ਘਟਾ ਕੇ ਦੋ ਘੰਟਿਆਂ ਦੀ ਤਨਖਾਹ ਕਰ ਦਿੱਤਾ ਜਿਸ ਹਾਲਤ ਵਿੱਚ ਕੰਮ ਉੱਤੇ ਜਾਣ ਬਾਅਦ ਉਹਨਾਂ ਲਈ ਕੰਮ ਨਾ ਹੋਵੇ। ਨੰਬਰ ਚਾਰ, ਇਹਨਾਂ ਤਬਦੀਲੀਆਂ ਨਾਲ ਸਰਕਾਰ ਨੇ ਦੋ ਹਫਤਿਆਂ ਵਿੱਚ 120 ਘੰਟਿਆਂ ਤੋਂ ਵੱਧ ਘੰਟੇ ਕੰਮ ਕਰਨ ਲਈ ਮਿਲਣ ਵਾਲੀ ਓਵਰਟਾਇਮ ਦੀ ਤਨਖਾਹ ਨੂੰ ਦੁੱਗਣੇ ਰੇਟ ਤੋਂ ਘਟਾ ਕੇ ਡੇਢੇ ਰੇਟ ਉੱਤੇ ਕਰ ਦਿੱਤਾ ਅਤੇ ਬਾਅਦ ਵਿੱਚ ਖੇਤ ਮਜ਼ਦੂਰਾਂ ਨੂੰ ਮੁਕੰਮਲ ਤੌਰ ਉੱਤੇ ਓਵਰਟਾਇਮ ਦੀ ਤਨਖਾਹ ਦੇ ਹੱਕ ਤੋਂ ਵਾਂਝੇ ਕਰ ਦਿੱਤਾ।

ਰਿਪੋਰਟ ਵਿੱਚ ਇਹ ਦਾਅਵਾ ਕੀਤਾ ਗਿਆ ਹੈ ਕਿ ਖੇਤੀਬਾੜੀ ਦੇ ਖੇਤਰ ਵਿੱਚ ਮਜ਼ਦੂਰਾਂ ਦੇ ਹੱਕਾਂ ਵਿੱਚ ਕੀਤੀਆਂ ਇਹ ਕਟੌਤੀਆਂ ਫਰੇਜ਼ਰ ਵੈਲੀ ਦੇ ਫਾਰਮ ਮਾਲਕਾਂ ਅਤੇ ਫਾਰਮ ਠੇਕੇਦਾਰਾਂ ਵਲੋਂ ਪਾਏ ਸਿਆਸੀ ਦਬਾਅ ਕਾਰਨ ਕੀਤੀਆਂ ਗਈਆਂ। ਇਸ ਦੇ ਨਾਲ ਹੀ ਇਹ ਤਬਦੀਲੀਆਂ 2001 ਵਿੱਚ ਲਿਬਰਲ ਸਰਕਾਰ ਦੇ ਐਗਰੀਕਲਚਰ, ਫੂਡ ਅਤੇ ਫਿਸ਼ਰੀਜ਼ ਦੇ ਮਨਿਸਟਰ ਜੌਹਨ ਵੈਨ ਡੌਂਗਨ ਵਲੋਂ ਫਰੇਜ਼ਰ ਵੈਲੀ ਦੇ ਡੇਅਰੀ ਫਾਰਮਰਾਂ ਨਾਲ ਇਲੈਕਸ਼ਨ ਤੋਂ ਪਹਿਲਾਂ ਕੀਤੇ ਵਾਅਦੇ ਨੂੰ ਪੁਗਾਉਣ ਦਾ ਨਤੀਜਾ ਹਨ। ਜੌਹਨ ਵੈਨ ਡੌਂਗਨ, ਐਬਟਸਫੋਰਡ ਦੇ ਇਲਾਕੇ ਤੋਂ ਲਿਬਰਲ ਐਮ ਐਲ ਏ ਹਨ ਅਤੇ ਇਲੈਕਸ਼ਨ ਤੋਂ ਪਹਿਲਾਂ ਉਹ ਇਕ ਡੇਅਰੀ ਫਾਰਮਰ ਸਨ। ਰਿਪੋਰਟ ਵਿੱਚ ਲਿਖਿਆ ਹੈ ਕਿ ਬੀ ਸੀ ਵਿੱਚ ਖੇਤ ਮਜ਼ਦੂਰਾਂ ਦੇ ਹੱਕਾਂ ਨੂੰ ਖਤਮ ਕਰਨ ਦੇ ਇਸ 'ਬੇਮਿਸਾਲੇ' ਕਾਰਜ ਲਈ ਬੀ ਸੀ ਦੇ ਲੇਬਰ ਮਨਿਸਟਰ ਉੱਪਰ ਫਾਰਮ ਮਾਲਕਾਂ ਅਤੇ ਫਾਰਮ ਠੇਕੇਦਾਰਾਂ ਦੀਆਂ ਸੰਸਥਾਂਵਾਂ, ਬੀ ਸੀ ਦੀ ਐਗਰੀਕਲਚਰਲ ਕਾਉਂਸਲ ਅਤੇ ਮਨਿਸਟਰ ਆਫ ਐਗਰੀਕਲਚਰ, ਫੂਡ ਅਤੇ ਫਿਸ਼ਰੀਜ਼ ਨੇ ਕਾਫੀ ਦਬਾਅ ਪਾਇਆ।

ਰਿਪੋਰਟ ਵਿੱਚ ਇਸ ਗੱਲ ਨੂੰ ਸਵੀਕਾਰ ਕੀਤਾ ਗਿਆ ਹੈ ਕਿ ਖੇਤ ਮਜ਼ਦੂਰਾਂ ਦੀ ਸਿਹਤ ਅਤੇ ਸੁਰੱਖਿਆ ਨਾਲ ਸੰਬੰਧਤ ਕਾਨੂੰਨਾਂ ਵਿੱਚ ਸੁਧਾਰ ਹੋਇਆ ਹੈ। ਪਰ ਇਹਨਾਂ ਕਾਨੂੰਨਾਂ ਨੂੰ ਲਾਗੂ ਕਰਵਾਉਣ ਲਈ ਲੋੜੀਂਦੀਆਂ ਇਨਸਪੈਕਸ਼ਨਾਂ ਵਿੱਚ ਕਟੌਤੀ ਆਈ ਹੈ। ਇਸ ਦਾ ਕਾਰਨ ਇਹ ਹੈ ਕਿ ਸੰਨ 2002 ਵਿੱਚ ਸੂਬਾਈ ਸਰਕਾਰ ਨੇ ਵਰਕਰਜ਼ ਕੰਪਨਸੇਸ਼ਨ ਬੋਰਡ ਦੇ ਬੱਜਟ ਵਿੱਚ 12 ਫੀਸਦੀ ਦੀ ਕਟੌਤੀ ਕੀਤੀ ਸੀ। ਜਿਸ ਦੇ ਨਤੀਜੇ ਵਜੋਂ ਕੰਮ ਵਾਲੀਆਂ ਥਾਂਵਾਂ ਦੀ ਇਨਸਪੈਕਸ਼ਨ ਕਰਨ ਵਾਲੇ ਇਨਸਪੈਕਟਰਾਂ ਦੀ ਗਿਣਤੀ 30 ਫੀਸਦੀ ਘੱਟ ਗਈ। ਇਸ ਤੱਥ ਦੀ ਰੌਸ਼ਨੀ ਵਿੱਚ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਬੇਸ਼ੱਕ ਸਿਹਤ ਅਤੇ ਸੁਰੱਖਿਆ ਦੇ ਸੰਬੰਧ ਵਿੱਚ ਕਾਨੂੰਨਾਂ ਵਿੱਚ ਸੁਧਾਰ ਹੋਇਆ ਹੈ ਪਰ ਇਹਨਾਂ ਕਾਨੂੰਨਾਂ ਦੀ ਤਾਮੀਲ ਕਰਵਾਉਣ ਲਈ ਲੋੜੀਂਦੇ ਵਸੀਲਿਆਂ ਦੀ ਘਾਟ ਕਾਰਨ ਇਹਨਾਂ ਸੁਧਰੇ ਕਾਨੂੰਨਾਂ ਤੋਂ ਫਾਇਦਾ ਹੋਣ ਦੀ ਬਹੁਤੀ ਸੰਭਾਵਨਾ ਨਹੀਂ ਹੈ।

ਕੈਨੇਡਾ ਦੀ ਫੈਡਰਲ ਸਰਕਾਰ ਦੀਆਂ ਨੀਤੀਆਂ ਵੀ ਬਹੁਤੀਆਂ ਖੇਤ ਮਜ਼ਦੂਰਾਂ, ਖਾਸ ਕਰਕੇ ਮੈਕਸੀਕੋ ਤੋਂ "ਮਹਿਮਾਨ ਕਾਮਿਆਂ" ਦੇ ਤੌਰ ਉੱਤੇ ਆਏ ਖੇਤ ਮਜ਼ਦੂਰਾਂ, ਦੇ ਹੱਕ ਵਿੱਚ ਨਹੀਂ ਜਾਂਦੀਆਂ। ਆਪਣੇ ਇਕਰਾਰਨਾਮੇ ਅਨੁਸਾਰ ਇਹ ਕਾਮੇ ਸਿਰਫ ਇਕ ਮਾਲਕ ਨਾਲ ਬੱਝੇ ਹੁੰਦੇ ਹਨ। ਮਾਲਕਾਂ ਨੂੰ ਇਹ ਹੱਕ ਹੈ ਕਿ ਉਹ ਕਿਸੇ ਵੀ ਕਾਮੇ ਨੂੰ ਕੰਮ ਤੋਂ ਹਟਾ ਸਕਣ ਬੇਸ਼ੱਕ ਇਕਰਾਰਨਾਮੇ ਦੇ ਹਿਸਾਬ ਨਾਲ ਉਸ ਦਾ ਸਮਾਂ ਅਜੇ ਰਹਿੰਦਾ ਹੋਵੇ। ਪਰ ਇਕ ਕਾਮੇ ਨੂੰ ਹੱਕ ਨਹੀਂ ਕਿ ਉਹ ਆਪਣੇ ਮਾਲਕ ਨੂੰ ਛੱਡ ਕੇ ਕਿਸੇ ਹੋਰ ਮਾਲਕ ਕੋਲ ਕੰਮ ਕਰ ਸਕੇ। ਜੇ ਉਹ ਆਪਣਾ ਕੰਮ ਛੱਡਦਾ ਹੈ ਤਾਂ ਉਸ ਨੂੰ ਵਾਪਸ ਮੈਕਸੀਕੋ ਨੂੰ ਜਾਣਾ ਪੈਂਦਾ ਹੈ। ਦੂਸਰੀ ਗੱਲ, ਜੇ ਕਿਸੇ ਕਾਮੇ ਨੇ ਇਕ ਸੀਜ਼ਨ ਤੋਂ ਬਾਅਦ ਅਗਲੇ ਸੀਜ਼ਨ ਵਿੱਚ ਵੀ ਵਾਪਸ ਕੈਨੇਡਾ ਕੰਮ ਕਰਨ ਲਈ ਆਉਣਾ ਹੈ ਤਾਂ ਉਸ ਨੂੰ ਆਪਣੇ ਪਹਿਲੇ ਮਾਲਕ ਤੋਂ ਹਵਾਲੇ ਦੀ ਚਿੱਠੀ ਲੈਣੀ ਪੈਂਦੀ ਹੈ। ਇਹਨਾਂ ਕਾਰਨਾਂ ਕਰਕੇ ਉਹ ਪੂਰਾ ਅਜ਼ਾਦ ਨਹੀਂ ਹੁੰਦਾ ਅਤੇ ਮਾਲਕਾਂ ਦੀਆਂ ਵਧੀਕੀਆਂ ਨੂੰ ਸਹਿਣ ਲਈ ਮਜ਼ਬੂਰ ਹੁੰਦਾ ਹੈ।

ਇਸ ਦੇ ਨਾਲ ਹੀ ਇਹਨਾਂ "ਮਹਿਮਾਨ ਕਾਮਿਆਂ" ਦੀ ਤਨਖਾਹ ਵਿੱਚੋਂ ਇੰਪਲੌਏਮੈਂਟ ਇੰਸ਼ੋਰੈਂਸ ਅਤੇ ਕੈਨੇਡਾ ਪੈਨਸ਼ਨ ਪਲੈਨ (ਸੀ ਪੀ ਪੀ) ਵਰਗੀਆਂ ਕਟੌਤੀਆਂ ਕੱਟੀਆਂ ਜਾਂਦੀਆਂ ਹਨ, ਪਰ ਆਪਣੇ ਕੱਚੇ ਦਰਜੇ ਦੇ ਹੋਣ ਕਰਕੇ ਉਹ ਇਹ ਭੱਤੇ ਨਹੀਂ ਲੈ ਸਕਦੇ।

## ਸਿਫਾਰਸ਼ਾਂ

ਰਿਪੋਰਟ ਦੇ ਅੰਤ ਵਿੱਚ ਖੇਤ ਮਜ਼ਦੂਰਾਂ ਦੀਆਂ ਹਾਲਤਾਂ ਦੇ ਸੁਧਾਰ ਲਈ ਕੁਝ ਸਿਫਾਰਸ਼ਾਂ ਕੀਤੀਆਂ ਗਈਆਂ ਹਨ। ਇਹਨਾਂ ਸਿਫਾਰਸ਼ਾਂ ਵਿੱਚੋਂ ਕੁਝ ਇਸ ਪ੍ਰਕਾਰ ਹਨ:

- ਖੇਤ ਮਜ਼ਦੂਰਾਂ ਲਈ ਓਵਰਟਾਇਮ, ਸਰਕਾਰੀ ਛੁੱਟੀਆਂ ਅਤੇ ਸਾਲਾਨਾ ਛੁੱਟੀਆਂ ਦਾ ਹੱਕ ਦੁਬਾਰਾ ਲਾਗੂ ਕੀਤਾ ਜਾਵੇ।
- ਪੀਸ ਰੇਟ ਦੀ ਦਰ ਏਨੀ ਸਥਾਪਤ ਕੀਤੀ ਜਾਵੇ ਕਿ ਉਹ ਸੂਬੇ ਦੀ ਘੱਟੋ ਘੱਟ ਤਨਖਾਹ ਦੇ ਬਰਾਬਰ ਹੋਵੇ।
- ਸੂਬੇ ਵਿਚਲੀ ਘੱਟੋ ਘੱਟ ਤਨਖਾਹ ਨੂੰ 10 ਡਾਲਰ ਪ੍ਰਤੀ ਘੰਟਾ ਕੀਤਾ ਜਾਵੇ ਅਤੇ ਇਸ ਨੂੰ ਮਹਿੰਗਾਈ ਦੀ ਸੂਚੀ (ਇਨਫਲੇਸ਼ਨ ਇੰਡੈਕਸ) ਨਾਲ ਜੋੜਿਆ ਜਾਵੇ ਤਾਂ ਕਿ ਮਹਿੰਗਾਈ ਵਧਣ ਦੇ ਨਾਲ ਨਾਲ ਇਹ ਤਨਖਾਹ ਵੀ ਵਧਦੀ ਰਹੇ।
- ਖੇਤਾਂ ਅਤੇ ਖੇਤਾਂ ਨਾਲ ਸੰਬੰਧਤ ਥਾਂਵਾਂ ਉੱਤੇ ਕੀਤੀਆਂ ਜਾਂਦੀਆਂ ਇਨਸਪੈਕਸ਼ਨਾਂ ਨੂੰ ਮਜ਼ਬੂਤ ਕੀਤਾ ਜਾਵੇ ਅਤੇ ਨਿਗਰਾਨੀ ਲਈ ਐਗਰੀਕਲਚਰਲ ਕੰਪਲਾਇੰਸ ਟੀਮ ਵਰਗਾ ਪ੍ਰਬੰਧ ਕੀਤਾ ਜਾਵੇ ਜਿਸ ਅਧੀਨ ਖੁਦ ਪਹਿਲ ਕਰਕੇ ਇਨਸਪੈਕਸ਼ਨ ਕੀਤੀਆਂ ਜਾਣ ਨਾ ਕਿ ਸ਼ਿਕਾਇਤ ਮਿਲਣ ਦੀ ਉਡੀਕ ਕੀਤੀ ਜਾਵੇ।
- ਫਾਰਮਾਂ ਵਿਚਲੇ ਠੇਕੇਦਾਰੀ ਪ੍ਰਬੰਧ ਉੱਪਰ ਗੌਰ ਕੀਤਾ ਜਾਵੇ ਅਤੇ ਇਸ ਪ੍ਰਬੰਧ ਨੂੰ ਖਤਮ ਕਰਕੇ ਸਾਰੇ ਖੇਤ-ਮਜ਼ਦੂਰਾਂ ਲਈ ਕੰਮ ਦੇਣ ਵਾਲਾ ਗੈਰ-ਮੁਨਾਫੇਦਾਰ ਪ੍ਰਬੰਧ (ਨਾਨ-ਪਰਾਫਿਟ ਹਾਇਰਿੰਗ ਹਾਲ ਮਾਡਲ) ਸਥਾਪਤ ਕੀਤਾ ਜਾਵੇ।
- ਖੇਤ ਮਜ਼ਦੂਰਾਂ ਨੂੰ ਆਪਣੇ ਹੱਕਾਂ ਬਾਰੇ ਜਾਣਕਾਰੀ ਦੇਣ ਲਈ ਅਤੇ ਉਹਨਾਂ ਦੇ ਹੱਕਾਂ ਦੀ ਵਕਾਲਤ ਕਰਨ ਲਈ ਕਮਿਊਨਿਟੀ ਦੀਆਂ ਸੰਸਥਾਂਵਾਂ ਨੂੰ ਆਰਥਿਕ ਸਹਾਇਤਾ ਦਿੱਤੀ ਜਾਵੇ।
- ਸੀਜ਼ਨਲ ਕਾਮਿਆਂ ਦੇ ਪ੍ਰੋਗਰਾਮ ਵਿੱਚ ਤਬਦੀਲੀਆਂ ਕੀਤੀਆਂ ਜਾਣ ਜਿਸ ਅਧੀਨ ਕਾਮਿਆਂ ਨੂੰ ਇਕ ਮਾਲਕ ਦੀ ਥਾਂ ਵੱਖ ਵੱਖ ਮਾਲਕਾਂ ਕੋਲ ਕੰਮ ਕਰਨ ਦੀ ਖੁਲ੍ਹ ਹੋਵੇ।
- ਸੀਜ਼ਨਲ ਕਾਮਿਆਂ ਦੇ ਪ੍ਰੋਗਰਾਮ ਅਧੀਨ ਮਾਲਕਾਂ ਕੋਲੋਂ ਕਾਮਿਆਂ ਨੂੰ ਆਪਣੇ ਦੇਸ਼ ਵਾਪਸ ਭੇਜਣ ਦਾ ਅਧਿਕਾਰ ਵਾਪਸ ਲਿਆ ਜਾਵੇ।
- ਜਿਹੜੇ ਸੀਜ਼ਨਲ ਕਾਮੇ ਤਿੰਨ ਸਾਲਾਂ ਲਈ ਕੰਮ ਕਰ ਲੈਂਦੇ ਹਨ, ਉਹਨਾਂ ਨੂੰ ਕੈਨੇਡਾ ਦੇ ਪੱਕੇ ਵਸਨੀਕ ਬਣਨ ਲਈ ਅਰਜ਼ੀ ਕਰਨ ਦਾ ਹੱਕ ਦਿੱਤਾ ਜਾਵੇ।
- ਕੈਨੇਡਾ "ਮਹਿਮਾਨ ਵਰਕਰਾਂ" ਅਤੇ ਉਹਨਾਂ ਦੇ ਪਰਿਵਾਰਾਂ ਦੇ ਹੱਕਾਂ ਦੀ ਰਾਖੀ ਕਰਨ ਵਾਲੀ ਅੰਤਰਰਾਸ਼ਟਰੀ ਸੰਧੀ ਉੱਪਰ ਦਸਖਤ ਕਰੇ।
- ਮਿਉਂਸਪਲ ਪੱਧਰ ਦੀਆਂ ਸਰਕਾਰਾਂ "ਮਹਿਮਾਨ ਵਰਕਰਾਂ" ਦੇ ਤੌਰ ਉੱਤੇ ਆਉਣ ਵਾਲੇ ਕਾਮਿਆਂ ਦੀ ਰਿਹਾਇਸ਼ ਵਿੱਚ ਸੁਧਾਰ ਕਰਨ ਲਈ ਕਾਨੂੰਨ ਬਣਾਉਣ।

## ਅੰਤਿਮ ਟਿੱਪਣੀਆਂ:

ਇਹ ਰਿਪੋਰਟ ਪੜ੍ਹ ਕੇ ਬਹੁਤ ਲੋਕ ਸ਼ਾਇਦ ਇਹ ਸੋਚਣ ਕਿ ਇਸ ਵਿੱਚ ਕੋਈ ਵੀ ਨਵੀਂ ਗੱਲ ਨਹੀਂ। ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਖੇਤ ਮਜ਼ਦੂਰ ਅਜਿਹੀਆਂ ਹਾਲਤਾਂ ਵਿੱਚ ਕੰਮ ਕਰਦੇ ਹਨ ਅਤੇ ਪਿਛਲੇ 30-35 ਸਾਲਾਂ ਤੋਂ ਇਹਨਾਂ ਹਾਲਤਾਂ ਵਿੱਚ ਕੰਮ ਕਰ

ਰਹੇ ਹਨ। ਫਿਰ ਇਸ ਬਾਰੇ ਬਹੁਤਾ 'ਰੌਲਾ ਪਾਉਣ' ਦੀ ਕੀ ਲੋੜ ਹੈ। ਸਾਡੇ ਖਿਆਲ ਵਿੱਚ ਇਸ ਬਾਰੇ 'ਰੌਲਾ ਪਾਉਣ' ਦੀ ਲੋੜ ਹੀ ਇਸ ਲਈ ਹੈ ਕਿ ਸਾਡੀ ਕਮਿਊਨਿਟੀ ਦੇ ਇਕ ਹਿੱਸੇ ਨੂੰ ਪਿਛਲੇ 30-35 ਸਾਲਾਂ ਤੋਂ ਇਹਨਾਂ ਲੁੱਟ-ਖਸੁੱਟ ਵਾਲੀਆਂ ਹਾਲਤਾਂ ਵਿੱਚ ਕੰਮ ਕਰਨਾ ਪੈ ਰਿਹਾ ਹੈ। 'ਰੌਲਾ ਪਾਉਣ' ਦੀ ਲੋੜ ਇਸ ਲਈ ਵੀ ਹੈ ਕਿ ਸੰਨ 1990ਵਿਆਂ ਦੇ ਸ਼ੁਰੂ ਤੱਕ ਕਮਿਊਨਿਟੀ ਵਿੱਚ ਖੇਤ ਮਜ਼ਦੂਰਾਂ ਦੇ ਸ਼ੋਸ਼ਣ ਬਾਰੇ ਥੋੜ੍ਹੀ ਬਹੁਤੀ ਗੱਲ ਚਲਦੀ ਰਹਿੰਦੀ ਸੀ ਪਰ ਹੁਣ ਅਸੀਂ ਇਸ ਬਾਰੇ ਬਹੁਤੀ ਗੱਲ ਨਹੀਂ ਕਰਦੇ। ਅਸਲ ਵਿੱਚ ਅਸੀਂ ਇਕੱਲੇ ਖੇਤ ਮਜ਼ਦੂਰਾਂ ਦੀਆਂ ਹਾਲਤਾਂ ਬਾਰੇ ਹੀ ਗੱਲ ਕਰਨੀ ਨਹੀਂ ਛੱਡੀ ਸਗੋਂ ਅਸੀਂ ਸਮੁੱਚੇ ਮਜ਼ਦੂਰਾਂ ਦੀ ਗੱਲ ਕਰਨੋਂ ਹੱਟ ਗਏ ਹਾਂ। ਇਹ ਗੱਲ ਫਿਕਰ ਵਾਲੀ ਹੈ।

ਅਸੀਂ ਆਮ ਹੀ ਇਹ ਗੱਲ ਕਹਿੰਦੇ ਹਾਂ ਕਿ ਸਾਡੀ ਕਮਿਊਨਿਟੀ ਨੇ ਕੈਨੇਡਾ ਵਿੱਚ ਬਹੁਤ ਤਰੱਕੀ ਕੀਤੀ ਹੈ। ਸਾਡੇ ਆਪਣੇ ਲੋਕ ਐਮ ਐਲ ਏ, ਐਮ ਪੀ, ਮਨਿਸਟਰ, ਪ੍ਰੀਮੀਅਰ ਬਣ ਗਏ ਹਨ। ਸਾਡੇ ਆਮ ਸਮਾਗਮਾਂ ਵਿੱਚ ਵੱਖ ਵੱਖ ਪੱਧਰ ਦੀਆਂ ਸਰਕਾਰਾਂ ਦੇ ਨੁਮਾਇੰਦੇ, ਮੇਅਰ, ਐਮ ਐਲ ਏ, ਐਮ ਪੀ, ਮਨਿਸਟਰ, ਪ੍ਰੀਮੀਅਰ, ਪ੍ਰਾਈਮ ਮਨਿਸਟਰ ਆਉਂਦੇ ਰਹਿੰਦੇ ਹਨ। ਕੈਨੇਡਾ ਦੇ ਸੱਤਾ ਦੇ ਗਲਿਆਰਿਆਂ ਤੱਕ ਸਾਡੀ ਪਹੁੰਚ ਹੈ। ਪਰ ਇਸ ਰਿਪੋਰਟ ਦੇ ਮੱਦੇਨਜ਼ਰ ਇਹ ਸੁਆਲ ਉੱਠਦਾ ਹੈ ਕਿ ਸਾਡੀ ਇਸ "ਸੱਤਾ ਦੇ ਗਲਿਆਰਿਆਂ ਤੱਕ ਪਹੁੰਚ" ਦਾ ਖੇਤ ਮਜ਼ਦੂਰਾਂ ਨੂੰ ਕੀ ਫਾਇਦਾ ਹੈ ਜੇ ਉਹਨਾਂ ਨੂੰ 1930 ਦੇ ਸਮੇਂ ਦੀਆਂ ਹਾਲਤਾਂ ਵਿੱਚ ਕੰਮ ਕਰਨਾ ਪੈ ਰਿਹਾ ਹੈ।

ਇਹ ਰਿਪੋਰਟ ਪੜ੍ਹਕੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਕੈਨੇਡਾ ਦੇ "ਸੱਤਾ ਦੇ ਗਲਿਆਰਿਆਂ" ਤੱਕ ਪਹੁੰਚ ਰੱਖਣ ਵਾਲੇ ਸਾਡੇ ਲੋਕਾਂ ਅਤੇ ਖੇਤਾਂ ਵਿੱਚ ਕੰਮ ਕਰਨ ਵਾਲੇ ਸਾਡੇ ਲੋਕਾਂ ਦੇ ਹਿਤ ਵੱਖਰੇ ਵੱਖਰੇ ਹਨ। "ਸੱਤਾ ਦੇ ਗਲਿਆਰਿਆਂ" ਤੱਕ ਪਹੁੰਚ ਰੱਖਣ ਵਾਲੇ ਸਾਡੇ ਲੋਕ ਤਾਂ ਇਹ ਗੱਲ ਸਮਝਦੇ ਹਨ ਅਤੇ ਇਸ ਲਈ ਹੀ ਉਹ ਖੇਤ ਮਜ਼ਦੂਰਾਂ ਅਤੇ ਦੂਸਰੇ ਮਜ਼ਦੂਰਾਂ ਦੇ ਸ਼ੋਸ਼ਣ ਵਿਰੁੱਧ ਅਵਾਜ਼ ਨਹੀਂ ਉਠਾਉਂਦੇ। ਲੋੜ ਹੈ ਕਿ ਪੰਜਾਬੀ ਕਮਿਊਨਿਟੀ ਦੇ ਖੇਤ ਮਜ਼ਦੂਰ ਅਤੇ ਦੂਸਰੇ ਮਜ਼ਦੂਰ ਵੀ ਇਹ ਗੱਲ ਸਮਝ ਲੈਣ ਕਿ ਉਹਨਾਂ ਦੇ ਹਿਤ "ਸੱਤਾ ਦੇ ਗਲਿਆਰਿਆਂ" ਤੱਕ ਪਹੁੰਚ ਰੱਖਣ ਵਾਲੇ ਲੋਕਾਂ ਤੋਂ ਵੱਖਰੇ ਹਨ। ਜੇ ਉਹਨਾਂ ਨੇ ਆਪਣੇ ਹਿਤਾਂ ਦੀ ਰਾਖੀ ਕਰਨੀ ਹੈ ਤਾਂ ਜ਼ਰੂਰੀ ਹੈ ਕਿ ਉਹ ਤਾਕਤ ਵਾਲੇ ਲੋਕਾਂ ਉੱਪਰ ਟੇਕ ਰੱਖਣ ਦੀ ਥਾਂ ਆਪ ਜਥੇਬੰਦ ਹੋ ਕੇ ਆਪਣੀ ਤਾਕਤ ਉੱਤੇ ਟੇਕ ਰੱਖਣ।

ਜਿਵੇਂ ਉੱਪਰ ਕਿਹਾ ਗਿਆ ਹੈ ਕਿ 1990ਵਿਆਂ ਦੇ ਸ਼ੁਰੂ ਤੱਕ ਕਮਿਊਨਿਟੀ ਵਿੱਚ ਕਈ ਅਜਿਹੀਆਂ ਜਥੇਬੰਦੀਆਂ ਹੁੰਦੀਆਂ ਸਨ ਜੋ ਕਿਰਤ ਕਰਨ ਵਾਲੇ ਲੋਕਾਂ ਦੇ ਮਸਲਿਆਂ ਦੀ ਗੱਲ ਕਰਦੀਆਂ ਸਨ। ਪਰ ਇਸ ਸਮੇਂ ਕਮਿਊਨਿਟੀ ਵਿੱਚ ਅਜਿਹੀ ਕੋਈ ਜਥੇਬੰਦੀ ਨਹੀਂ। ਅਜਿਹਾ ਕਿਉਂ ਹੈ, ਇਸ ਬਾਰੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਇਸ ਸਮੇਂ ਕਮਿਊਨਿਟੀ ਵਿੱਚ ਵੱਖ ਵੱਖ ਹਿਤਾਂ ਦੀ ਨੁਮਾਇੰਦਗੀ ਕਰਨ ਵਾਲੀਆਂ ਕਈ ਤਰ੍ਹਾਂ ਦੀਆਂ ਜਥੇਬੰਦੀਆਂ ਕੰਮ ਕਰ ਰਹੀਆਂ ਹਨ। ਉਦਾਹਰਨ ਲਈ ਇਸ ਸਮੇਂ ਕਮਿਊਨਿਟੀ ਵਿੱਚ ਧਾਰਮਿਕ, ਵਪਾਰਕ, ਸਭਿਆਚਾਰਕ, ਪ੍ਰੋਫੈਸ਼ਨਲ ਲੋਕਾਂ ਅਤੇ ਖੇਡਾਂ ਨਾਲ ਸੰਬੰਧਤ ਲੋਕਾਂ ਦੀਆਂ ਜਥੇਬੰਦੀਆਂ ਬਹੁਤ ਹੀ ਸਰਗਰਮੀ ਨਾਲ ਕੰਮ ਕਰ ਰਹੀਆਂ ਹਨ। ਪਰ ਮਜ਼ਦੂਰਾਂ ਦੇ ਹਿਤਾਂ ਦੀ ਗੱਲ ਕਰਨ ਵਾਲੀ ਕੋਈ ਜਥੇਬੰਦੀ ਨਹੀਂ। ਸਾਡੀ ਕਮਿਊਨਿਟੀ ਦੇ ਕਿਰਤ ਕਰਨ ਵਾਲੇ ਲੋਕਾਂ ਅਤੇ ਉਹਨਾਂ ਦੇ ਹਮਾਇਤੀਆਂ ਨੂੰ ਅਜਿਹੀ ਜਥੇਬੰਦੀ ਜਾਂ ਜਥੇਬੰਦੀਆਂ ਸਥਾਪਤ ਕਰਨ ਦੀ ਲੋੜ ਵਲ ਧਿਆਨ ਦੇਣ ਦੀ ਲੋੜ ਹੈ। ਜਿੰਨਾ ਚਿਰ ਉਹ ਅਜਿਹਾ ਨਹੀਂ ਕਰਨਗੇ ਉਨੀ ਦੇਰ ਤੱਕ ਉਹਨਾਂ ਦੇ ਹਿਤਾਂ ਅਤੇ ਤਕਲੀਫਾਂ ਦੀ ਗੱਲ ਹਾਸ਼ੀਏ ਉੱਤੇ ਹੀ ਧੱਕੀ ਜਾਂਦੀ ਰਹੇਗੀ।

ਸਾਡੀ ਕਮਿਊਨਿਟੀ ਵਿੱਚ ਇਹ ਗੱਲ ਵੀ ਆਮ ਕਹੀ ਜਾਂਦੀ ਹੈ ਕਿ ਅਸੀਂ ਏਥੋਂ ਦੀ ਸਿਆਸਤ ਵਿੱਚ ਬਹੁਤ ਸਰਗਰਮੀ ਨਾਲ ਹਿੱਸਾ ਲੈਂਦੇ ਹਾਂ। ਇਸ ਧਾਰਨਾ ਦੇ ਸਬੂਤ ਵਿੱਚ ਅਸੀਂ ਇਹ ਕਹਿੰਦੇ ਹਾਂ ਕਿ ਵੱਖ ਵੱਖ ਪਾਰਟੀਆਂ ਲਈ ਅਸੰਬਲੀ ਅਤੇ ਪਾਰਲੀਮੈਂਟ ਦੇ ਮੈਂਬਰਾਂ ਦੀਆਂ ਨਾਮਜ਼ਦਗੀਆਂ ਦੌਰਾਨ ਸਾਡੇ ਲੋਕ ਹਜ਼ਾਰਾਂ ਦੀ ਗਿਣਤੀ ਵਿੱਚ ਹਿੱਸਾ ਲੈਂਦੇ ਹਨ। ਇਹ ਸੱਚ ਹੈ ਪਰ ਇਥੇ ਸਾਨੂੰ ਨਾਮਜ਼ਦਗੀਆਂ ਦੀ ਸਿਆਸਤ ਅਤੇ ਆਪਣੇ ਹੱਕ ਲੈਣ ਲਈ ਕੀਤੀ ਜਾਂਦੀ ਸਿਆਸਤ ਵਿੱਚ ਫਰਕ ਸਮਝਣ ਦੀ ਲੋੜ ਹੈ। ਨਾਮਜ਼ਦਗੀਆਂ ਦੀ ਸਿਆਸਤ ਬੇਸ਼ੱਕ ਕਮਿਊਨਿਟੀ ਦੇ ਕੁਝ ਲੋਕਾਂ ਨੂੰ ਕੈਨੇਡਾ ਦੇ "ਸੱਤਾ ਦੇ ਗਲਿਆਰਿਆਂ" ਦੀ ਦਹਿਲੀਜ ਤੱਕ ਤਾਂ ਜ਼ਰੂਰ ਪਹੁੰਚਾ ਦਿੰਦੀ ਹੈ ਪਰ ਆਮ ਲੋਕਾਂ ਅਤੇ ਮਜ਼ਦੂਰਾਂ ਨੂੰ ਕੁਝ ਨਹੀਂ ਦਿੰਦੀ। "ਸੱਤਾ ਦੇ ਗਲਿਆਰਿਆਂ" ਤੱਕ ਪਹੁੰਚੇ ਲੋਕ ਜਦੋਂ ਆਮ ਲੋਕਾਂ ਅਤੇ ਮਜ਼ਦੂਰਾਂ ਦੇ ਹੱਕਾਂ ਦੀ ਗੱਲ ਕਰਨ ਬਾਰੇ ਭੁੱਲ ਜਾਂਦੇ ਹਨ ਤਾਂ ਸਾਨੂੰ ਵਰਤੇ ਜਾਣ ਦਾ ਅਹਿਸਾਸ ਹੁੰਦਾ ਹੈ ਅਤੇ ਸਿਆਸਤ ਤੋਂ ਨਿਰਾਸ਼ਾ ਹੁੰਦੀ ਹੈ। ਸਾਡੇ ਵਿੱਚੋਂ ਕੁਝ ਲੋਕ ਮਾਯੂਸ ਹੋ ਕੇ ਹਰ ਤਰ੍ਹਾਂ ਦੀ ਸਿਆਸਤ ਨੂੰ ਨਫਰਤ ਕਰਨ ਲਗਦੇ ਹਨ। ਲੋੜ ਸਿਆਸਤ ਤੋਂ ਨਿਰਾਸ਼ ਹੋਣ ਦੀ ਨਹੀਂ ਸਗੋਂ ਸਹੀ ਸਿਆਸਤ ਦੀ ਪਛਾਣ ਕਰਨ ਦੀ ਹੈ। ਉਸ ਸਿਆਸਤ ਵਿੱਚ ਸਰਗਰਮ ਹੋਣ ਦੀ ਜਿਹੜੀ ਸਿਆਸਤ ਸਾਡੇ ਹਿਤਾਂ ਅਤੇ ਹੱਕਾਂ ਦੀ ਗੱਲ ਕਰੇ। ਜਿਸ ਸਿਆਸਤ ਦਾ ਕੰਟਰੋਲ ਸਾਡੇ ਆਪਣੇ ਹੱਥਾਂ ਵਿੱਚ ਹੋਵੇ। ਸਿਰਫ ਉਦੋਂ ਅਤੇ ਸਿਰਫ ਉਦੋਂ ਹੀ ਅਸੀਂ ਖੇਤ ਮਜ਼ਦੂਰਾਂ ਅਤੇ ਦੂਸਰੇ ਮਜ਼ਦੂਰਾਂ ਦੇ ਸ਼ੋਸ਼ਣ ਨੂੰ ਖਤਮ ਕਰ ਸਕਾਂਗੇ ਅਤੇ ਇਸ ਰਿਪੋਰਟ ਵਿੱਚ ਦਿੱਤੀਆਂ ਸਿਫਾਰਿਸ਼ਾਂ ਦੇ ਨਾਲ ਨਾਲ ਆਪਣੀਆਂ ਦੂਸਰੀਆਂ ਮੰਗਾਂ ਵੀ ਮੰਨਵਾ ਸਕਾਂਗੇ। ●●

* ਇਸ ਰਿਪੋਰਟ ਦੇ ਲੇਖਕ ਹਨ: ਡੇਵਿਡ ਫੇਅਰੀ, ਟਰੇਡ ਯੂਨੀਅਨ ਰਿਸਰਚ ਬਿਊਰੋ ਦੇ ਡਾਇਰੈਕਟਰ; ਕ੍ਰਿਸਟੀਨਾ ਹੈਨਸਨ, ਸਾਈਮਨ ਫਰੇਜ਼ਰ ਯੂਨੀਵਰਸਿਟੀ ਦੇ ਲੈਟਿਨ ਅਮਰੀਕਨ ਸਟੱਡੀਜ਼ ਪ੍ਰੋਗਰਾਮ ਤੋਂ ਐਮ. ਏ; ਗਲੈੱਨ ਮੈਕਿਨੱਸ, ਕੈਨੇਡੀਅਨ ਆਫਿਸ ਐਂਡ ਪ੍ਰੋਫੈਸ਼ਨਲ ਇੰਪਲੌਈਜ਼ ਯੂਨੀਅਨ ਦੇ ਨੁਮਾਇੰਦੇ; ਅਰਲੀਨ ਟਾਈਗਰ ਮਕਲੈਰਨ, ਸਾਈਮਨ ਫਰੇਜ਼ਰ

ਯੂਨੀਵਰਿਸਟੀ ਦੇ ਸੋਸ਼ਿਆਲੌਜੀ ਵਿਭਾਗ ਤੋਂ ਰਿਟਾਇਰ ਹੋ ਚੁੱਕੇ ਪ੍ਰੋਫੈਸਰ; ਜੀਰਾਰਡ ਓਟੈਰੋ, ਸਈਮਨ ਫਰੇਜ਼ਰ ਯੂਨੀਵਰਿਸਟੀ ਦੇ ਸ਼ੋਸ਼ਿਆਲੌਜੀ ਅਤੇ ਲੈਟਿਨ ਅਮਰੀਕਨ ਸਟੱਡੀਜ਼ ਵਿਭਾਗ ਵਿੱਚ ਪ੍ਰੋਫੈਸਰ; ਕੈਰੀ ਪ੍ਰੀਬਿਸ਼, ਰੂਰਲ  ਸੋਸ਼ਿਆਲੌਜਿਸਟ; ਅਤੇ ਮਾਰਕ ਥਾਂਪਸਨ, ਯੂ ਬੀ ਸੀ ਦੇ ਸਾਡਰ ਸਕੂਲ ਆਫ ਬਿਜ਼ਨਿਸ ਤੋਂ ਰਿਟਾਇਰ ਹੋ ਚੁੱਕੇ ਪ੍ਰੋਫੈਸਰ। ਇਸ ਰਿਪੋਰਟ ਦੀ ਪ੍ਰਕਾਸ਼ਨਾ ਵਿੱਚ ਕੈਨੇਡੀਅਨ ਸੈਂਟਰ ਫਾਰ ਪਾਲਸੀ ਅਲਟਰਨੇਟਿਵ ਦੇ ਨਾਲ ਨਾਲ ਜਸਟੀਸੀਆ ਫਾਰ ਮਾਈਗਰਾਂਟ ਵਰਕਰਜ਼ ਦੇ ਬੀ ਸੀ ਦੇ ਦਫਤਰ, ਪ੍ਰੋਗਰੈਸਿਵ ਇੰਟਰ ਕਲਚਰਲ ਕਮਿਊਨਿਟੀ ਸਰਵਿਸ ਅਤੇ ਬੀ ਸੀ ਫੈਡਰੇਸ਼ਨ ਆਫ ਲੇਬਰ ਨੇ ਸਹਿਯੋਗ ਪਾਇਆ ਹੈ।

ਇਹ ਪੂਰੀ ਰਿਪੋਰਟ ਅੰਗਰੇਜ਼ੀ ਵਿੱਚ ਕੈਨੇਡੀਅਨ ਸੈਂਟਰ ਫਾਰ ਪਾਲਸੀ ਅਲਟਰਨੇਟਿਵ ਦੇ ਵੈੱਬਸਾਈਟ http://www.policyalternatives.ca/index.cfm ਉੱਤੇ ਪੜ੍ਹੀ ਜਾ ਸਕਦੀ ਹੈ।